ਇੱਕ ਦਿਨ ਸੱਜਣ ਦੀ ਵੱਡੀ ਭੈਣ ਨੇ ਸਿਮਰਨ ਦੇ ਰਿਸ਼ਤੇ ਦੀ ਗੱਲ ਚਲਾਈ । ਤਾਂ ਸੱਜਣ ਦੇ ਚਿਹਰੇ ਤੇ ਰੌਣਕ ਆ ਗਈ ਸੀ।

ਮੁੰਡਾ ਭਾਰਤੀ ਫੌਜ ਵਿੱਚ ਉਚ ਅਧਿਕਾਰੀ ਸੀ ਪਰ ਘਰਵਾਲੀ ਦੀ ਸੰਖੇਪ ਬਿਮਾਰੀ ਕਾਰਨ ਮੌਤ ਹੋ ਗਈ ਸੀ। ਜੋ ਪਿਛੇ ਇਕ ਬੇਟੇ ਨੂੰ ਛੱਡ ਗਈ ਸੀ।

ਸਾਰੀ ਪੁਛਗਿੱਛ ਤੋਂ ਬਾਅਦ ਸੱਜਣ ਸਿੰਘ ਨੇ ਹਾਂ ਕਰ ਦਿੱਤੀ ਪਰ ਸਿਮਰਨ ਕੁੱਝ ਨਾਂਹ ਨੁੱਕਰ ਕਰਦੀ ਰਹੀ। ਫਿਰ ਸਾਰੇ ਪਰਿਵਾਰ ਦੇ ਦਬਾਅ ਹੇਠ ਮੰਨਣਾ ਪਿਆ।

ਸੱਜਣ ਸਿੰਘ ਨੇ ਸਿਮਰਨ ਦੇ ਵਿਆਹ ਲਈ ਸਿਰਫ਼ ਇੱਕ ਸ਼ੂਟ ਹੀ ਖਰੀਦਿਆ ਸੀ ਬਾਕੀ ਦਾ ਸਾਰਾ ਖਰਚਾ ਮੁੰਡੇ ਵਾਲਿਆਂ ਦੇ ਪਰਿਵਾਰ ਨੇ ਕੀਤਾ ਸੀ।

ਸਿਮਰਨ ਦਾ ਵਿਆਹ ਇੱਕ ਸ਼ਾਹੀ ਵਿਆਹ ਹੋ ਨਿਬੜਿਆ ਸੀ ।

ਵਿਆਹ ਦੇ ਚਰਚੇ ਕੀ ਦਿਨ ਦੂਰ ਦੂਰ ਤੱਕ ਹੁੰਦੇ ਰਹੇ।

ਥੋੜੇ ਦਿਨਾਂ ਬਾਅਦ ਹੀ ਸਿਮਰਨ ਦਾ ਪਤੀ ਕਰਨਲ ਸੁਰਜੀਤ ਸਿੰਘ ਸਿਮਰਨ ਨੂੰ ਆਪਣੀ ਯੂਨਿਟ ਵਿੱਚ ਨਾਲ ਹੀ ਲੈ ਗਿਆ

ਯੂਨਿਟ ਵਿੱਚ ਪਹੁੰਚਦਿਆਂ ਹੀ ਸ਼ਾਹੀ ਪਾਰਟੀਆਂ ਦਾ ਆਯੋਜਨ ਹੋਣ ਲੱਗਿਆ।

ਹਰ ਰੋਜ਼ ਨਵੇਂ ਨਵੇਂ ਤੋਹਫਿਆ ਨਾਲ ਸਵਾਗਤ ਹੋਣ ਲੱਗਿਆ

ਕਰਨਲ ਸੁਰਜੀਤ ਸਿੰਘ ਦੇ ਨਾਲ਼ ਨਾਲ਼ ਸਿਮਰਨ ਦੇ ਹੁਕਮ ਵੀ ਚੱਲਣ ਲੱਗੇ।

ਸਿਮਰਨ ਆਪਣੇ ਅਤੀਤ ਨੂੰ ਬਿਲਕੁਲ ਭੁੱਲ ਚੁੱਕੀ ਸੀ। ਕਦੇ ਕਿਸੇ ਨੂੰ ਯਾਦ ਵੀ ਨਹੀ ਕੀਤਾ ਸੀ।

ਇੱਕ ਦਿਨ ਪਿਤਾ ਸੱਜਣ ਸਿੰਘ ਨੇ ਫ਼ੋਨ ਕਰਕੇ ਦੱਸਿਆ ਪੁੱਤ ਤੇਰੀਆਂ ਚਾਚੀਆਂ ਤਾਈਆਂ, ਮਾਮੀਆਂ ਮਾਸੀਆਂ ਭੂਆਂ ਭਾਬੀਆਂ ਨੇ ਤੇਰੇ ਲਈ ਕੁੱਝ ਕੱਪੜਾ ਲੀੜਾ ਖ਼ਰੀਦਣਾ ਹੈ ਤੁਸੀਂ ਆ ਕੇ ਦੱਸ ਦਿਓ ਕਿਹੋ ਜਹੇ ਚਾਹੀਦੇ ਹਨ।

ਸਿਮਰਨ ਨੇ ਆਪਣੇ ਪਿਤਾ ਨੂੰ ਕਿਹਾ ਪਿਤਾ ਜੀ ਜਦੋ ਦਾ ਤੁਸੀਂ ਮੇਰਾ ਵਿਆਹ ਕਰ ਦਿੱਤਾ ਹੈ ਸੱਚ ਪੁਛਿਓ ਕਿਸੇ ਵੀ ਚੀਜ਼ ਦੀ ਹੁਣ ਕੋਈ ਆਸ ਨਹੀਂ ਰਹੀ। ਨਾਲੇ ਸਰਦਾਰ ਸਾਬ ਇਹੋ ਜਹੇ ਰੀਤੀ ਰਿਵਾਜਾਂ ਨੂੰ ਪਸੰਦ ਨਹੀਂ ਕਰਦੇ। ਉਹ ਮੇਰੇ ਸ਼ੌਕ ਪੂਰੇ ਕਰਨ ਦੇ ਸਮਰੱਥ ਹਨ। ਉਹ ਨਹੀਂ ਚਾਹੁੰਦੇ ਕੇ ਮੈਂ ਕਿਸੇ ਤੋਂ ਕੋਈ ਆਸ ਰੱਖਾਂ।

ਠੀਕ ਆ ਪਾਪਾ ਮੈਂ ਫਿਰ ਫ਼ੋਨ ਕਰਾਂਗੀ ਕਹਿ ਕੇ ਫੋਨ ਕੱਟ ਦਿੱਤਾ ਸਿਮਰਨ ਨੇ।

ਸੱਜਣ ਸਿੰਘ ਦੇ ਕੰਨਾਂ ਵਿੱਚ ਕਈ ਦੇਰ ਤੱਕ ਇਹ ਗੱਲ ਗੂੰਜਦੀ ਰਹੀ ਹੁਣ ਸਿਮਰਨ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਆਸ ਨਹੀਂ ਰਹੀ।

ਸਿਮਰਨ ਇਹ ਗੱਲਾਂ ਭੁੱਲ ਚੁੱਕੀ ਸੀ ਜਿਸ ਨੂੰ ਉਹ ਪਰਾਈ ਆਸ ਸਮਝ ਰਹੀ ਸੀ ਉਸ ਵਿੱਚ ਹੀ ਚਾਚੇ ਤਾਏ ਮਾਮੇ ਮਾਸੀਆਂ ਦਾ ਪਿਆਰ ਗੁਝਿਆ ਹੁੰਦਾ ਹੈ।

ਸਿਮਰਨ ਆਪਣੇ ਅਤੀਤ ਨੂੰ ਐਨੀ ਜਲਦੀ ਕਿਵੇਂ ਭੁੱਲ ਗਈ

ਸੱਜਣ ਸਿੰਘ ਮੰਨ ਹੀ ਮੰਨ ਸਿਮਰਨ ਦੀਆਂ ਉਚੀਆਂ ਇਛਾਵਾਂ ਤੇ ਪਰਿਵਾਰ ਤੋਂ ਮੋਹ ਭੰਗ ਹੋਣ ਬਾਰੇ ਸੋਚਦਾ ਸੋਚਦਾ ਕਦੋ ਗਹਿਰੀ ਨੀਂਦ ਦੇ ਆਗੋਸ਼ ਵਿਚ ਜਾ ਬਿਰਾਜਿਆ ਪਤਾ ਨਹੀਂ ਲੱਗਿਆ।

ਦਿਨ ਚੜ੍ਹਿਆ ਤਾਂ ਫਿਰ ਉਹੀ ਗੱਲਾਂ ਦੀ ਘੁਮਣ ਘੇਰੀ ਨੇ ਆ ਕੇ ਘੇਰ ਲਿਆ ਸੀ ਸੱਜਣ ਸਿੰਘ ਨੂੰ

# ਸਿਰਜਕ ਰਾਹਾਂ ਦੇ ਪਾਂਧੀ ਬਣਨ ਲਈ ਸਮੀਖਿਆ ਜ਼ਰੂਰੀ- ਢਾਹਾਂ

## ਢਾਹਾਂ ਕਲੇਰਾਂ ਦਰਪਣ ਟੀਮ ਨੇ ਰਚਾਇਆ ਸੰਵਾਦ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com

ਬੰਗਾ, 27 ਅਪਰੈਲ (ਚਰਨਜੀਤ ਸੱਲ੍ਹਾ)

ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੀਆਂ ਸਮੁੱਚੀਆਂ ਸੇਵਾਵਾਂ ਦੇ ਪ੍ਰਚਾਰ ਪਸਾਰ ਲਈ ਯਤਨਸ਼ੀਲ 'ਢਾਹਾਂ ਕਲੇਰਾਂ ਦਰਪਣ' ਟੀਮ ਦੀ ਮਾਸਿਕ ਇਕੱਤਰਤਾ ਹੋਈ। ਮੀਟਿੰਗ ਦੀ ਅਗਵਾਈ ਟਰੱਸਟ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਕਰਦਿਆਂ ਕਿਹਾ ਕਿ ਕਿਸੇ ਵੀ ਕਾਰਜ ਦੀ ਸਫ਼ਲਤਾ ਲਈ ਸਮੀਖਿਆ ਜ਼ਰੂਰੀ ਹੈ। ਉਹਨਾਂ ਕਿਹਾ ਕਿ ਉਸਾਰੂ ਸਿਰਜਨਾ ਲਈ ਸਮੀਖਿਆ ਹੀ ਵੱਡੀ ਭੂਮਿਕਾ ਨਿਭਾਉਂਦੀ ਹੈ ਅਤੇ ਸਾਨੂੰ ਸਮਾਂ ਦਰ ਸਮਾਂ ਸਮੀਖਿਆ ਦੀ ਸੋਚ ਅਪਣਾਉਣ ਨੂੰ ਪਹਿਲ ਦੇਣੀ ਚਾਹੀਦੀ ਹੈ।

ਮੀਟਿੰਗ ਦੌਰਾਨ ਇਸ ਮੁੱਦੇ ਦੀ ਤਾਈਦ ਕਰਦਿਆਂ ਗੁਰੂ ਨਾਨਕ ਕਾਲਜ ਆਫ ਨਰਸਿੰਗ ਦੇ ਵਾਇਸ ਪ੍ਰਿੰਸੀਪਲ ਮੈਡਮ ਰਮਨਦੀਪ ਕੌਰ ਨੇ ਕਿਹਾ ਕਿ ਮਨੁੱਖੀ ਸੁਭਾਅ ਵਿੱਚ ਸਵੈ ਪੜਚੋਲ ਦੀ ਰੁਚੀ ਨਾ ਹੋਣਾ ਊਣਤਾਈਆਂ ਨੂੰ ਜਨਮ ਦਿੰਦਾ ਹੈ। ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਦੇ ਵਾਇਸ ਪ੍ਰਿੰਸੀਪਲ ਰਾਜਦੀਪ ਥਿਥਵਾਰ ਨੇ ਵੀ ਇਹਨਾਂ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਈ। ਉਹਨਾਂ ਦਾ ਕਹਿਣ ਸੀ ਕਿ ਜਦੋਂ ਪੁਣ-ਛਾਣ ਹੁੰਦੀ ਹੈ ਤਾਂ ਸੱਚਾਈ ਦੀ ਤਸਵੀਰ ਆਪ ਮੁਹਾਰੇ ਸਨਮੁੱਖ ਹੋ ਜਾਂਦੀ ਹੈ।

ਇਸ ਮੌਕੇ ਟਰੱਸਟ ਦੇ ਦਫ਼ਤਰ ਸੁਪਰਡੈਂਟ ਮਹਿੰਦਰਪਾਲ ਸਿੰਘ, ਡਾ. ਗੁਰਤੇਜ ਸਿੰਘ ਸਿੱਧੂ, ਜੋਤੀ ਭਾਟੀਆ, ਗੁਰਪ੍ਰੀਤ ਕੌਰ ਅਤੇ ਰਮਨ ਕੁਮਾਰ ਸ਼ਾਮਲ ਸਨ। ਉਹਨਾਂ ਨੇ ਵੀ ਜੀਵਨ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਲਈ ਸਮੀਖਿਆ ਵਿਧੀ ਨੂੰ ਪਹਿਲ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ।

ਮੀਟਿੰਗ ਦੌਰਾਨ ਹਾਜ਼ਰੀਨ ਵਲੋਂ 'ਢਾਹਾਂ ਕਲੇਰਾਂ ਦਰਪਣ' ਦੇ ਬੈਨਰ ਹੇਠ ਟਰੱਸਟ ਦੀ ਅਗਵਾਈ ਵਾਲੇ ਸਮੂਹ ਮੈਡੀਕਲ ਅਤੇ ਸਿੱਖਿਆ ਅਦਾਰਿਆਂ ਬਾਰੇ ਪ੍ਰਚਾਰ ਪਸਾਰ ਦੀ ਲਗਾਤਾਰਤਾ ਬਣਾਈ ਰੱਖਣ 'ਤੇ ਜ਼ੋਰ ਦਿੱਤਾ ਗਿਆ। ਇਸ ਦੇ ਨਾਲ ਹੀ ਗੁਰੂ ਨਾਨਕ ਮਿਸ਼ਨ ਹਸਪਤਾਲ ਦੇ 41ਵੇਂ ਸਥਾਪਨਾ ਦਿਵਸ ਸਬੰਧੀ ਕਰਵਾਏ ਸਮਾਗਮ ਦੀ ਸਮੀਖਿਆ ਵੀ ਕੀਤੀ ਗਈ।



ਕੈਪਸਨ- 'ਢਾਹਾਂ ਕਲੇਰਾਂ ਦਰਪਣ' ਟੀਮ ਦੀ ਮੀਡੀਆ ਟੀਮ ਦੀ ਮੀਟਿੰਗ ਉਪਰੰਤ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਅਤੇ ਬਾਕੀ ਨੁਮਾਇੰਦੇ।

# ਪਿੰਡ ਮੰਗੂਪੁਰ ਵਿਖੇ ਬਾਬਾ ਸਾਹਿਬ ਦੇ ਦੱਸੇ ਹੋਏ ਮਾਰਗ ਤੇ ਚੱਲਣ ਲਈ ਕਿਹਾ --ਡਾ ਨਛੱਤਰ ਪਾਲ ਐਮ ਐਲ ਏ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com

ਬੰਗਾ( ਚਰਨਜੀਤ ਸੱਲ੍ਹਾ ) ਪਿੰਡ ਮੰਗੂਵਾਲ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਜੀ ਦਾ 134ਵਾਂ ਜਨਮ ਬਹੁਤ ਸ਼ਰਧਾ ਨਾਲ ਮਨਾਇਆ ਗਿਆ ਜਿਸ ਵਿੱਚ ਮਿਸ਼ਨਰੀ ਗਾਇਕਾ ਪ੍ਰੀਆ ਬੰਗਾ ਨੇ ਬਾਬਾ ਸਾਹਿਬ ਦੇ ਜੀਵਨ ਅਧਾਰਿਤ ਗੀਤ ਗਾਏ ਅਤੇ ਬਾਬਾ ਸਾਹਿਬ ਦੇ ਜੀਵਨ ਤੇ ਚਾਨਣਾ ਪਾਈ ਇਸ ਮੌਕੇ ਤੇ ਨਵਾਂ ਸ਼ਹਿਰ ਦੇ ਵਿਧਾਇਕ ਡਾਕਟਰ ਪਾਲ ਨੇ ਵੀ ਆਪਣੀ ਹਾਜਰੀ ਭਰੀ ਅਤੇ ਬਾਬਾ ਸਾਹਿਬ ਦੇ ਜਨਮ ਦਿਨ ਦੀ ਸਮੂਹ ਨਗਰ ਨਿਵਾਸੀਆਂ ਨੂੰ ਵਧਾਈ ਦਿੱਤੀ ਅਤੇ ਬਾਬਾ ਸਾਹਿਬ ਦੇ ਦੱਸੇ ਹੋਏ ਮਾਰਗ ਤੇ ਚੱਲਣ ਲਈ ਆਖਿਆ ਤੇ ਕਿਹਾ ਕਿ ਅੱਜ ਅਸੀਂ ਜਿਨਾਂ ਦਾ ਜਨਮਦਿਨ ਮਨਾ ਰਹੇ ਹਾਂ ਉਹਨਾਂ ਨੇ ਆਖਿਆ ਸੀ ਕਿ ਰਾਜ ਸੱਤਾ ਇੱਕ ਅਜਿਹੀ ਚਾਬੀ ਹੈ ਜੋ ਤੁਹਾਡੇ ਦੁੱਖਾਂ ਤਕਲੀਫਾਂ ਦਾ ਤਾਲਾ ਖੋਲ੍ਹ ਸਕਦੀ ਹੈ ਆਓ ਆਪਾਂ ਉਹ ਚਾਬੀ ਆਪਣੇ ਹੱਥਾਂ ਵਿੱਚ ਲਈਏ ਤਾਂ ਜੋ ਪੰਜਾਬ ਅਤੇ ਦੇਸ਼ ਵਿੱਚ ਜਿਹੜੀਆਂ ਵੀ ਸਾਨੂੰ ਸਮੱਸਿਆਵਾਂ ਆਉਂਦੀਆਂ ਹਨ ਉਹਨਾਂ ਸਮੱਸਿਆਵਾਂ ਦਾ ਹੱਲ ਕਰ ਸਕੀਏ

ਪਹਿਲਗਾਮ 'ਚ ਹੋਏ ਕਾਇਰਤਾ ਭਰੇ ਅੱਤਵਾਦੀ ਹਮਲੇ ਦੀ ਮੈ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ ਇਹੋ ਜਹੀ ਘਿਨਾਉਣੀ ਕਾਰਵਾਈ ਇਨਸਾਨੀਅਤ ਦੇ ਖਿਲਾਫ ਹੈ। ਦੁਖੀ ਪਰਿਵਾਰਾਂ ਨਾਲ ਸਾਡੀ ਡੂੰਘੀ ਹਮਦਰਦੀ ਹੈ ਅਤੇ ਅਸੀਂ ਜ਼ਖ਼ਮੀਆਂ ਦੀ ਜਲਦੀ ਸਿਹਤਯਾਬੀ ਲਈ ਅਰਦਾਸ ਕਰਦਾ ਹਾਂ। ਇਸ ਮੌਕੇ ਤੇ ਸਰਬਜੀਤ ਜਾਫਰਪੁਰ ਗੁਰਮੁਖ ਨੌਰਥ ਵਾਈਸ ਪ੍ਰਧਾਨ ਨਵਾਂy

ਸ਼ਹਿਰਯ ਮੁਕੇਸ਼ ਬਾਲੀ ਚੰਦਨ ਰਾਮ ਬਲਜਿੰਦਰ ਕੁਮਾਰ ਪੰਚ ਸਿੰਦਰਪਾਲ ਸਤਿਨਾਮ ਸਿੰਘ ਸਿੰਗਰ ਪ੍ਰੀਆ ਵੰਗਾ ਸੰਤੋਸ਼ ਰਾਣੀ ਕਸ਼ਮੀਰ ਸਿੰਘ ਬਲਵੰਤ ਸਿੰਘ ਤੇਸ਼ੀ ਇੰਗਲੈਂਡ ਵਿਲੀਅਮ ਇੰਗਲੈਂਡ ਰਾਮ ਪ੍ਰਕਾਸ਼ ਆਦਿ ਹਾਜਰ ਸਨ



# ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਚਨਬੱਧ - ਡਾ. ਰਵਜੋਤ ਸਿੰਘ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)

ਪੰਜਾਬ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਅਤੇ ਜਨਤਾ ਦੀਆਂ ਸਮੱਸਿਆਵਾਂ ਦੇ ਫੌਰੀ ਹੱਲ ਲਈ ਵਚਨਬੱਧ ਹੈ। ਇਸ ਦਿਸ਼ਾ ਵਿਚ ਠੋਸ ਕਦਮ ਉਠਾਉਂਦੇ ਹੋਏ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਹੁਸ਼ਿਆਰਪੁਰ ਦੇ ਸ਼ਾਮਚੁਰਾਸੀ ਵਿਧਾਨ ਸਭਾ ਹਲਕੇ ਦੇ ਕੰਢੀ ਏਰੀਏ ਦੇ ਪਿੰਡਾਂ ਟੱਪਾ, ਕੋਰਟ, ਬਹੇੜਾ, ਬਾੜੀ ਖੱਡ, ਕੂਕਾਨੇਟ ਅਤੇ ਦੇਹਰੀਆਂ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਪਿੰਡ ਵਾਸੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਫੌਰੀ ਹੱਲ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਅਤੇ ਲੋਕਾਂ ਦੀਆਂ ਸ਼ਿਕਾਇਤਾਂ



ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਜ਼ੋਰ ਦੇ ਕਿਹਾ ਕਿ ਪਿੰਡਾਂ ਦੇ ਵਿਕਾਸ ਵਿਚ ਕੋਈ ਕਮੀ ਨਹੀਂ ਛੱਡੀ ਜਾਵੇਗੀ। ਸੜਕਾਂ, ਸਾਫ਼-ਸੁਥਰਾ ਪਾਣੀ, ਬਿਜਲੀ, ਸੀਵਰੇਜ਼ ਅਤੇ ਸਿਹਤ ਸੇਵਾਵਾਂ ਵਰਗੀਆਂ ਸੁਵਿਧਾਵਾਂ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਪਿੰਡ ਟੱਪਾ ਵਿਚ ਪੰਚਾਇਤ ਪ੍ਰਤੀਨਿੱਧੀਆਂ ਨੇ ਕੈਬਨਿਟ ਮੰਤਰੀ ਅੱਗੇ ਪੰਚਾਇਤ ਘਰ ਦੀ ਚਾਰਦੀਵਾਰੀ, ਰਸੋਈ, ਪਖਾਨਾ, ਸ਼ਮਸ਼ਾਨਘਾਟ ਵਿਚ ਸ਼ੈਡ, ਪੀਣ ਵਾਲੇ ਪਾਣੀ ਅਤੇ ਬਿਜਲੀ ਵਰਗੇ ਮੁੱਦੇ ਰੱਖੇ। ਇਸ 'ਤੇ ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਨਵੇਂ ਬੋਰਵੈਲ ਲਈ ਫੰਡ ਜਾਰੀ ਕਰ ਦਿੱਤੇ ਗਏ ਹਨ ਅਤੇ ਬਿਜਲੀ ਦੀ ਮੁਸ਼ਕਲ ਹੱਲ ਕਰਨ ਲਈ ਜਨੌੜੀ ਤੋਂ ਕੰਢੀ ਏਰੀਏ ਦੇ ਪਿੰਡਾਂ ਤੱਕ ਵਿਸ਼ੇਸ਼ ਕੇਬਲ ਪਾਈ ਜਾਵੇਗੀ। ਨਾਲ ਹੀ ਕੰਢੀ ਹਲਕੇ ਦੀਆਂ ਸੜਕਾਂ ਦੇ ਨਿਰਮਾਣ ਕੰਮ ਵੀ ਜਲਦ ਸ਼ੁਰੂ ਹੋਣ ਦੀ ਜਾਣਕਾਰੀ ਵੀ ਦਿੱਤੀ। ਉਨ੍ਹਾਂ ਕਿਹਾ ਕਿ ਪੰਚਾਇਤ ਘਰ ਸਬੰਧੀ ਸਮੱਸਿਆ ਦਾ ਜਲਦ ਹੱਲ ਕਰ ਦਿੱਤਾ ਜਾਵੇਗਾ। ਉਨ੍ਹਾਂ ਇਸ ਦੌਰਾਨ ਕੂਕਾਨੇਟ ਤੋਂ ਹਿਮਾਚਲ ਹੱਦ ਤੱਕ ਬਣ ਰਹੀ ਸੜਕ ਨਿਰਮਾਣ ਦੇ ਕੰਮ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਇਸ ਨਾਲ ਸਥਾਨਕ ਲੋਕਾਂ ਨੂੰ ਬਿਹਤਰ ਆਵਾਜਾਈ ਦੀ ਸੁਵਿਧਾ ਮਿਲੇਗੀ। ਸਥਾਨਕ ਸਰਕਾਰਾਂ ਮੰਤਰੀ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਨਿਸ਼ਚਿਤ ਸਮੇਂ ਵਿਚ ਕੀਤਾ ਜਾਵੇਗਾ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪੇਂਡੂ ਹਲਕਿਆਂ ਵਿਚ ਵਿਕਾਸ ਕੰਮਾਂ ਦੀ ਪ੍ਰਗਤੀ ਦੀ ਲਗਾਤਾਰ ਨਿਗਰਾਨੀ ਕੀਤੀ ਜਾਵੇ ਅਤੇ ਜਨਤਾ ਦੀਆਂ ਸ਼ਿਕਾਇਤਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ। ਇਸ ਦੌਰਾਨ ਪਿੰਡ ਵਾਸੀਆਂ ਨੇ ਸੜਕਾਂ ਦੀ ਮੁਰੰਮਤ, ਇੰਟਰਨੈਟ ਦੀ ਸਮੱਸਿਆ ਅਤੇ ਬਿਜਲੀ ਦੀ ਸਪਲਾਈ ਵਿਚ ਸੁਧਾਰ ਵਰਗੇ ਮੁੱਦੇ ਉਠਾਏ, ਜਿਸ 'ਤੇ ਮੰਤਰੀ ਨੇ ਤੁਰੰਤ ਕਾਰਵਾਈ ਦਾ ਵਿਸ਼ਵਾਸ ਦਿਵਾਇਆ।ਡਾ. ਰਵਜੋਤ ਸਿੰਘ ਨੇ ਸਪੱਸ਼ਟ ਕੀਤਾ ਕਿ ਜਨਤਾ ਦੀ ਸੇਵਾ ਹੀ ਸਰਕਾਰ ਦਾ ਮੁੱਖ ਉਦੇਸ਼ ਹੈ ਅਤੇ ਪਿੰਡਾਂ ਨੂੰ ਆਤਮਨਿਰਭਰ ਬਣਾਉਣ ਲਈ ਹਰ ਸੰਭਵ ਕਦਮ ਉਠਾਏ ਜਾਣਗੇ। ਦੌਰੇ ਦੀ ਸ਼ੁਰੂਆਤ ਵਿਚ ਡਾ. ਰਵਜੋਤ ਸਿੰਘ ਨੇ ਹਾਲ ਹੀ ਵਿਚ ਪਹਿਲਗਾਮ ਵਿਚ ਹੋਈ ਅੱਤਵਾਦੀ ਘਟਨਾ ਵਿਚ ਸ਼ਹੀਦੇ ਹੋਏ ਸੈਲਾਨੀਆਂ ਦੀ ਆਤਮਿਕ ਸ਼ਾਂਤੀ ਲਈ ਦੋ ਮਿਨਟ ਦਾ ਮੌਨ ਰੱਖਿਆ ਅਤੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਭੇਟ ਕੀਤੀ।

# ਦੇਸ਼ ਭਗਤ ਯਾਦਗਾਰ ਹਾਲ ਨੇ ਪੀੜ੍ਹਤ ਕਸ਼ਮੀਰੀ ਵਿਦਿਆਰਥੀਆਂ ਲਈ ਦਰਵਾਜ਼ੇ ਖੋਲ੍ਹੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com

ਜਲੰਧਰ (ਸਤਨਾਮ ਸਿੰਘ ਸਹੂੰਗੜਾ)

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਅਤੇ ਹਾਲ ਦੀ ਦੇਖ ਰੇਖ ਕਮੇਟੀ ਅਤੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਨੇ ਅੱਜ ਕਮੇਟੀ ਤਰਫੋਂ ਲਿਖ਼ਤੀ ਬਿਆਨ ਜਾਰੀ ਕਰਦਿਆਂ ਆਪਣੇ ਜਾਰੀ ਕੀਤੇ ਫੋਨ ਨੰਬਰਾਂ ਉਪਰ ਨਿਰਦੋਸ਼ ਕਸ਼ਮੀਰੀ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਨੂੰ ਲਿੰਕ ਕਰਕੇ ਕਿਸੇ ਕਿਸਮ ਦੀ ਸਹਾਇਤਾ ਜਾਂ ਰਿਹਾਇਸ਼ ਦੀ ਜ਼ਰੂਰਤ ਪੂਰੀ ਕਰਨ ਦਾ ਵਿਸ਼ਵਾਸ ਦੁਆਇਆ ਹੈ

ਦੇਸ਼ ਭਗਤ ਯਾਦਗਾਰ ਕਮੇਟੀ ਦਾ ਕਹਿਣਾ ਹੈ ਕਿ ਮੁਲਕ ਦੀ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਦੇਸ਼




ਵਾਸੀਆਂ ਨੇ ਧਰਮ,ਫਿਰਕੇ, ਬੋਲੀ,ਰੰਗ ਅਤੇ ਇਲਾਕੇ ਦੇ ਭੇਦ ਭਾਵ ਤੋਂ ਉਪਰ ਉਠ ਕੇ ਆਜ਼ਾਦੀ ਜੱਦੋਜਹਿਦ ਲਈ ਪਰਚਮ ਉਠਾਇਆ। ਸਭਨਾਂ ਦੇ ਸਾਂਝੇ ਖ਼ੂਨ ਨਾਲ਼ ਜੱਲ੍ਹਿਆਂ ਵਾਲਾ ਬਾਗ਼ ਦੀ ਧਰਤੀ ਸਿੰਜੀ ਗਈ।

ਅੱਜ ਪਹਿਲਗਾਮ ਕਤਲ ਕਾਂਡ ਦੇ ਕਾਰਨਾਂ ਉਪਰ ਉਂਗਲ ਰੱਖਣ ਅਤੇ ਹਕੂਮਤ ਦੀ ਜਵਾਬਦੇਹੀ ਤੈਅ ਕਰਨ ਦੀ ਬਜਾਏ ਲੋਕਾਂ ਬੇਦੋਸ਼ਿਆਂ ਦੀਆਂ ਲੋਥਾਂ ਦੀ ਪੌੜੀ ਬਣਾ ਕੇ ਆਪਣੀ ਸੌੜੀ ਸਿਆਸਤ ਦੀਆਂ ਕੁਚਾਲਾਂ ਨਾਲ ਗਰਜ਼ਾਂ ਦੀ ਪੂਰਤੀ ਕਰਨ ਦਾ ਕੁਕਰਮ ਕਰ ਰਹੇ ਤੱਤਾਂ ਨੂੰ ਭਾਂਜ ਦੇਣ ਲਈ ਸਮਾਜਿਕ ਭਾਈਚਾਰਕ ਸਾਂਝ ਦੀਆਂ ਤੰਦਾਂ ਹੋਰ ਵੀ ਮਜ਼ਬੂਤ ਕਰਨ ਦੀ ਲੋੜ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ ਜਿਥੇ ਪਹਿਲਗਾਮ ਕਾਂਡ ਦੀ ਜ਼ੋਰਦਾਰ ਨਿੰਦਾ ਕਰਦੇ ਹੋਏ ਮ੍ਰਿਤਕਾਂ ਅਤੇ ਜ਼ਖ਼ਮੀਆਂ ਦੇ ਪਰਿਵਾਰਾਂ ਨਾਲ਼ ਪਹਿਲਾਂ ਹੀ ਗਹਿਰੀ ਹਮਦਰਦੀ ਕੀਤੀ ਹੈ ਓਥੇ ਕਸ਼ਮੀਰੀ ਕੁੜੀਆਂ ਮੁੰਡਿਆਂ ਖ਼ਾਸ ਕਰਕੇ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਉਪਰ ਹਮਲੇ ਕਰਨ , ਧਮਕੀਆਂ ਦੇਣ ਅਤੇ ਇੱਥੋਂ ਫੌਰੀ ਚਲੇ ਜਾਣ ਦੀਆਂ ਧਮਕੀਆਂ ਦੇਣ ਦਾ ਗੰਭੀਰ ਨੋਟਿਸ ਲਿਆ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਫਿਰਕੂ ਫਾਸ਼ੀ,ਸਮਾਜ ਦੋਖੀ ਤੱਤਾਂ ਵੱਲੋਂ ਹਕੂਮਤੀ ਥਾਪੜੇ ਸਦਕਾ

ਵਿਸ਼ੇਸ਼ ਕਰਕੇ ਕਸ਼ਮੀਰੀ ਵਿਦਿਆਰਥਣਾਂ ਨੂੰ ਹਮਲੇ ਦਾ ਨਿਸ਼ਾਨਾ ਬਣਾਏ ਜਾਣ ਅਤੇ ਨਫ਼ਰਤੀ ਹਨੇਰੀ ਵਗਾਉਣ ਲਈ ਹਰ ਹਰਬਾ ਵਰਤੇ ਜਾਣ ਦਾ ਸ਼ਖਤ ਸ਼ਬਦਾਂ ਵਿਚ ਵਿਰੋਧ ਕੀਤਾ ਹੈ

ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਦੇਸ਼ ਭਗਤ,ਲੋਕ ਹਿਤੈਸ਼ੀ, ਧਰਮ ਨਿਰਪੱਖ ਅਤੇ ਅਮਨਪਸੰਦ ਲੋਕਾਂ ਨੂੰ ਇਸ ਪਰਖ਼ ਦੀ ਘੜੀ ਹਰ ਪ੍ਰਕਾਰ ਦੇ ਕੂੜ ਪ੍ਰਚਾਰ ਨੂੰ ਕਾਟ ਕਰਨ ਅਤੇ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨ ਲਈ ਅੱਗੇ ਆਉਣ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜਾਗਰੂਕਤਾ ਰੈਲੀ ਅਤੇ ਫੁੱਟਬਾਲ ਮੈਚ ਕਰਵਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)

ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਅੰਕੁਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ ਦੀਆਂ ਹਦਾਇਤਾਂ ਅਨੁਸਾਰ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਸ਼ਹੀਦ ਭਗਤ ਸਿੰਘ ਨਗਰ ਦੇ ਸਹਿਯੋਗ ਨਾਲ ਫੁੱਟਬਾਲ ਕੋਚ ਗੁਰਪ੍ਰੀਤ ਸਿੰਘ ਦੀ ਅਗਵਾਈ ਵਿਚ 'ਯੁੱਧ ਨਸ਼ਿਆਂ ਵਿਰੁੱਧ'




ਮੁਹਿੰਮ ਤਹਿਤ ਪਿੰਡ ਨੰਗਲ ਜੱਟਾਂ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ ਅਤੇ ਰੈਲੀ ਕੱਢੀ ਗਈ। ਕੋਚ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਜਾਗਰੂਕਤਾ ਕੈਂਪ ਤਹਿਤ ਨੌਜਵਾਨਾਂ ਨੂੰ ਗਰਾਉਂਡਾਂ ਨਾਲ਼ ਜੋੜਨ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਫੁੱਟਬਾਲ ਸ਼ੋਅ ਮੈਚ ਕਰਵਾਇਆ ਗਿਆ।ਨੰਗਲ ਜੱਟਾਂ ਫੁੱਟਬਾਲ ਕਲੱਬ ਰੈੱਡ ਅਤੇ ਨੰਗਲ ਜੱਟਾਂ ਫੁੱਟਬਾਲ ਕਲੱਬ ਬਲਿਊ ਵਿਚਕਾਰ ਹੋਇਆ ਇਹ ਮੈਚ 2-2 ਗੋਲਾਂ ਨਾਲ ਬਰਾਬਰ ਰਿਹਾ। ਇਸ ਮੌਕੇ ਦੋਵਾਂ ਟੀਮਾਂ ਦੇ ਖਿਡਾਰੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ ਨੇ ਇਸ ਦੌਰਾਨ ਕਿਹਾ ਕਿ ਜ਼ਿਲ੍ਹਾ ਖੇਡ ਵਿਭਾਗ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਹਰ ਸੰਭਵ ਯਤਨ ਕਰੇਗਾ ਅਤੇ ਨਸ਼ਿਆਂ ਖ਼ਿਲਾਫ਼ ਅਜਿਹੇ ਜਾਗਰੂਕਤਾ ਕੈਂਪ ਤੇ ਫੁੱਟਬਾਲ ਮੈਚ ਕਰਵਾਉਂਦਾ ਰਹੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਾ ਨਸ਼ਾ ਮੁਕਤ ਹੋਵੇਗਾ ਅਤੇ ਸਾਡੇ ਸ਼ਹੀਦਾਂ ਦੇ ਸੁਪਨੇ ਸਾਕਾਰ ਹੋਣਗੇ। ਇਸ ਮੌਕੇ ਅਵਤਾਰ ਸਿੰਘ, ਹਰਨੇਕ ਸਿੰਘ, ਨਵਜੋਤ ਭੱਟੀ, ਨਰੇਸ਼ ਬੈਂਸ, ਹਰਦੀਪ ਸਿੰਘ, ਕੁਲਦੀਪ ਸਿੰਘ, ਬਲਵੰਤ ਰਾਮ, ਅਮਨਵੀਰ ਸਿੰਘ, ਜਸਕਰਨ ਸਿੰਘ ਹਾਜ਼ਰ ਸਨ।

# ਸਿੱਖਿਆ ਕ੍ਰਾਂਤੀ ਤਹਿਤ ਪੰਜਾਬ ਸਰਕਾਰ ਸਿੱਖਿਆ ਦੇ ਢਾਂਚੇ ਨੂੰ ਮੁੜ ਤੋਂ ਲੀਹਾਂ ਤੇ ਲਿਆਉਣ ਲਈ ਵਚਨਬੱਧ - ਡਿਪਟੀ ਸਪੀਕਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com

ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)

ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਦਾ ਮੁੱਖ ਮੰਤਵ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਕੇ ਸਕੂਲਾਂ ਨੂੰ ਹਰ ਪੱਖੋਂ ਸਰਵੋਤਮ ਸੁਵਿਧਾਵਾਂ ਪ੍ਰਦਾਨ ਕਰਨਾ ਹੈ ਤਾਂ ਜੋ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆ ਦੇ ਸਮੇਂ ਦਾ ਹਾਣੀ ਬਣਾਇਆ ਜਾ ਸਕੇ। ਇਹ ਵਿਚਾਰ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਨੇ ਹਲਕਾ ਗੜ੍ਹਸ਼ੰਕਰ ਦੇ ਚਾਰ



ਸਰਕਾਰੀ ਸਕੂਲਾਂ ਵਿਚ 16.31 ਲੱਖ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦੇ ਉਦਘਾਟਨ ਦੌਰਾਨ ਰੱਖੇ। ਉਨ੍ਹਾਂ ਸਰਕਾਰੀ ਪ੍ਰਾਇਮਰੀ ਸਕੂਲ ਸਤਨੌਰ ਵਿਖੇ ਚਾਰਦੀਵਾਰੀ, ਸਰਕਾਰੀ ਪ੍ਰਾਇਮਰੀ ਸਕੂਲ ਸਲੇਮਪੁਰ ਵਿਖੇ ਕਲਾਸਰੂਮ, ਸਰਕਾਰੀ ਪ੍ਰਾਇਮਰੀ ਸਕੂਲ ਕਿੱਤਣਾ ਵਿਖੇ ਚਾਰਦੀਵਾਰੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਮੋਰਾਂਵਾਲੀ ਵਿਖੇ ਕਲਾਸਰੂਮ ਦਾ ਉਦਘਾਟਨ ਕੀਤਾ। ਡਿਪਟੀ ਸਪੀਕਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬਾ ਸਰਕਾਰ ਨੇ ਮਾੜੀ ਸਥਿਤੀ ਵਿੱਚ ਪਹੁੰਚੇ ਸਰਕਾਰੀ ਸਕੂਲਾਂ ਤੇ ਸਿਹਤ ਸੰਸਥਾਵਾਂ ਨੂੰ ਤਰਹੀਜੀ ਖੇਤਰ ਮੰਨਦੇ ਹੋਏ ਰਿਕਾਰਡ ਵਿਕਾਸ ਕਰਵਾਇਆ ਹੈ ਜਿਸ ਸਦਕਾ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਹਰੇਕ ਖੇਤਰ ਵਿੱਚ ਉੱਚੀਆਂ ਮੱਲਾਂ ਮਾਰ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਸਾਡੇ ਸੂਬੇ ਦੀ ਤਰੱਕੀ ਦਾ ਆਧਾਰ ਬਣੇਗੀ ਤੇ ਸਰਕਾਰੀ ਸਕੂਲਾਂ ਚੋਂ ਪੜ੍ਹ ਕੇ ਆਮ ਘਰਾਂ ਦੇ ਬੱਚੇ ਵੱਡੀਆਂ ਉਚਾਈਆਂ ਨੂੰ ਛੂਹਣਗੇ । ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਹੁਣ ਤੱਕ 54 ਹਜਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕਰਕੇ ਕੀਰਤੀਮਾਨ ਸਥਾਪਿਤ ਕੀਤਾ ਗਿਆ ਹੈ। ਇਸ ਮੌਕੇ ਉਨਾਂ ਨੇ ਹੋਣਹਾਰ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ। ਇਸ ਮੌਕੇ ਪਿੰਡਾਂ ਦੇ ਪੰਚਾਇਤ ਮੈਂਬਰ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।

# ਪੰਜਾਬ ਨੂੰ ਮੈਡੀਕਲ ਹੱਬ ਵਜੋਂ ਵਿਕਸਤ ਕਰਨ ਲਈ ਯਤਨ ਜੰਗੀ ਪੱਧਰ 'ਤੇ ਜਾਰੀ- ਅਮਨ ਅਰੋੜਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com

ਫਗਵਾੜਾ 27 ਅਪ੍ਰੈਲ (ਸ਼ਿਵ ਕੌੜਾ) ਪੰਜਾਬ ਦੇ ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਸ਼੍ਰੀ ਅਮਨ ਅਰੋੜਾ ਨੇ ਕਿਹਾ ਹੈ ਕਿ ਪੰਜਾਬ ਵਿਚ ਹੈਲਥ ਕੇਅਰ ਖੇਤਰ ਵਿਚ ਅਰਥ ਵਿਵਸਥਾ ਨੂੰ ਹੋਰ ਗਤੀ ਪ੍ਰਦਾਨ ਕਰਨ ਦੀਆਂ ਅਸੀਮ ਸੰਭਾਵਨਾਵਾਂ ਹਨ, ਜਿਸ ਦੇ ਮੱਦੇਨਜ਼ਰ ਪੰਜਾਬ ਸਰਕਾਰ ਵਲੋਂ ਸਿਹਤ ਸੇਵਾਵਾਂ ਸਬੰਧੀ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਪਹਿਲ ਦੇ ਆਧਾਰ 'ਤੇ ਕੰਮ ਕੀਤਾ ਜਾ ਰਿਹਾ ਹੈ ਅੱਜ 'ਜੈ ਮਿਲਾਪ' ਸੰਸਥਾ ਵਲੋਂ ਸਥਾਨਕ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ 'ਬਿਮਾਰੀਆਂ ਸਬੰਧੀ ਕਰਵਾਈ ਗਈ ਵਰਕਸ਼ਾਪ' ਦੌਰਾਨ ਬੋਲਦਿਆਂ ਸ੍ਰੀ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਿਹਤ ਤੇ ਸਿੱਖਿਆ ਸੇਵਾਵਾਂ ਜੋ ਹਰ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਹਨ ਵਿਚ ਸਰਕਾਰੀ ਤੇ ਨਿੱਜੀ ਨਿਵੇਸ਼ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਉਨ੍ਹਾਂ ਕਿਹਾ ਕਿ ਸੂਬੇ ਨੂੰ 'ਮੈਡੀਕਲ ਹੱਬ' ਵਜੋਂ ਵਿਕਸਤ ਕਰਨ ਲਈ ਮੈਡੀਕਲ ਕਾਲਜਾਂ ਦੀ ਸਥਾਪਨਾ ਦੇ ਨਾਲ-ਨਾਲ ਪੰਜਾਬ ਦੇ 65 ਲੱਖ ਪਰਿਵਾਰਾਂ ਨੂੰ 10 ਲੱਖ ਰੁਪੈ ਤੱਕ ਦੇ ਇਲਾਜ ਦਾ ਮੈਡੀਕਲ ਕਵਰ ਦਿੱਤਾ ਜਾ ਰਿਹਾ ਹੈ ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਆਉਣ ਵਾਲੇ ਸਾਰੇ ਪਰਿਵਾਰਾਂ ਨੂੰ 'ਸਿਹਤ ਕਾਰਡ ' ਮਿਲੇਗਾ ਜਿਸ ਰਾਹੀਂ ਉਹ ਪੰਜਾਬ ਦੇ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ ਅੰਦਰ 10 ਲੱਖ ਰੁਪੈ ਤੱਕ ਦਾ ਕੈਸ਼ਲੈਸ ਇਲਾਜ ਕਰਵਾ ਸਕਣਗੇ ਸ੍ਰੀ ਅਰੋੜਾ ਨੇ ਕਿਹਾ ਕਿ ਚਾਲੂ ਵਿੱਤੀ ਸਾਲ ਦੌਰਾਨ ਇਸ ਯੋਜਨਾ








ਲਈ 778 ਕਰੋੜ ਰੁਪੈ ਰੱਖੇ ਗਏ ਹਨ ਤਾਂ ਜੋ ਵਿੱਤੀ ਤੰਗੀ ਕਾਰਨ ਕੋਈ ਵੀ ਨਾਗਰਿਕ ਇਲਾਜ ਤੋਂ ਵਾਂਝਾ ਨਾ ਰਹੇ ਇਸ ਮੌਕੇ ਰਾਜ ਸਭਾ ਮੈਂਬਰ ਸ਼੍ਰੀ ਅਸ਼ੋਕ ਮਿੱਤਲ ਨੇ ਵੀ ਵਿਚਾਰ ਰੱਖੇ ਤੇ ਪੰਜਾਬ ਸਰਕਾਰ ਵਲੋਂ ਸਿਹਤ ਸੇਵਾਵਾਂ ਦੇ ਖੇਤਰ ਵਿਚ ਕੀਤੇ ਜਾ ਰਹੇ ਯਤਨਾਂ ਨੂੰ ਲਾਮਿਸਾਲ ਦੱਸਿਆ ਇਸ ਤੋਂ ਯੂਨੀਵਰਸਿਟੀ ਦੇ ਪ੍ਰੋ ਵਾਇਸ ਚਾਂਸਲਰ ਡਾ ਸੰਜੇ ਮੋਦੀ, ਸੰਸਥਾ ਦੇ ਪ੍ਰਧਾਨ ਜਗਦੀਪ ਭਾਰਦਵਾਜ,ਕੌਮੀ ਜਨਰਲ ਸਕੱਤਰ ਰਾਜਨ ਬੈਕਟਰ ਨੇ ਵੀ ਸੰਬੋਧਨ ਕੀਤਾ।

# ਦਯਾ ਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਵਿਖੇ ਮੋਲੇਕਿਊਲਰ ਜਿਨੈਟਿਕਸ ਕਾਨਫਰੰਸ ਆਯੋਜਿਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪਰੈਲ INTERNATIONAL PAPER, 94636 01616 hardipchumber57@gmail.com



ਲੁਧਿਆਣਾ (ਗੁਰਦੀਪ ਸਿੰਘ) ਮੋਲੇਕਿਊਲਰ ਜਿਨੈਟਿਕਸ ਵਿਭਾਗ, ਡੀਐਮਸੀ ਐਂਡ ਐਚ ਵੱਲੋਂ ਅੱਜ ਡੁਮਰਾ ਆਡੀਟੋਰੀਅਮ ਵਿੱਚ ਮੋਲੇਕਿਊਲਰ ਜਿਨੈਟਿਕਸ ਕਾਨਫਰੰਸ ਸਫਲਤਾਪੂਰਵਕ ਆਯੋਜਿਤ ਕੀਤੀ ਗਈ। "ਟੈਕਨੋਲੋਜੀ, ਟੈਸਟਿੰਗ ਅਤੇ ਥੈਰੇਪਿਊਟਿਕ ਪਹੁੰਚਾਂ ਵਿੱਚ ਤਰੱਕੀ" ਵਿਸ਼ੇ 'ਤੇ ਆਧਾਰਤ ਇਹ ਦੋ-ਦਿਨਾਂ ਸਮਾਰੋਹ ਮੋਲੇਕਿਊਲਰ ਜਿਨੈਟਿਕਸ ਦੇ ਤਾਜ਼ਾ ਵਿਕਾਸਾਂ ਨੂੰ ਉਜਾਗਰ ਕਰਦਾ ਰਿਹਾ। ਐਮਜੀਕੌਨ ਨੂੰ ਪੰਜਾਬ ਮੈਡੀਕਲ ਕੌਂਸਲ ਵੱਲੋਂ ਮਾਨਤਾ ਮਿਲੀ ਅਤੇ ਭਾਗੀਦਾਰਾਂ ਨੂੰ 7 ਕਰੈਡਿਟ ਪੁਆਇੰਟ ਦਿੱਤੇ ਗਏ।

ਇਸ ਸਮਾਰੋਹ ਦੀ ਸ਼ੁਰੂਆਤ 25 ਅਪ੍ਰੈਲ 2025 ਨੂੰ ਨੈਸ਼ਨਲ ਡੀਐਨਏ ਡੇ ਦੇ ਮੌਕੇ 'ਤੇ ਮੋਲੇਕਿਊਲਰ ਜਿਨੈਟਿਕਸ ਵਿਭਾਗ, ਡੀਐਮਸੀ ਐਂਡ ਐਚ ਵਿੱਚ ਆਯੋਜਿਤ ਪੂਰਵ-ਕਾਨਫਰੰਸ ਵਰਕਸ਼ਾਪ ਨਾਲ ਹੋਈ।ਕਾਨਫਰੰਸ ਨੂੰ ਡਾ. ਬਰਜਿੰਦਰਜੀਤ ਕੌਰ ਢਿੱਲੋਂ (ਸੀਨੀਅਰ ਬਾਇਓਟੈਕਨੋਲੋਜਿਸਟ) ਅਤੇ ਡਾ. ਰੇਨੂ ਮੋਤੀ ਪੰਡੀਤਾ (ਬਾਇਓਟੈਕਨੋਲੋਜਿਸਟ), ਮੋਲੇਕਿਊਲਰ ਜਿਨੈਟਿਕਸ ਲੈਬ, ਡੀਐਮਸੀ ਐਂਡ ਐਚ ਵੱਲੋਂ ਵਿਦਵਤਾ ਨਾਲ ਸੰਚਾਲਿਤ ਕੀਤਾ ਗਿਆ। ਸਮਾਰੋਹ ਦਾ ਸੰਯੋਜਨ ਡਾ. ਮੋਹਿਤ ਸ਼ਰਮਾ (ਅਸੋਸੀਏਟ ਬਾਇਓਟੈਕਨੋਲੋਜਿਸਟ), ਡਾ. ਸੁਮਿਤ ਸ਼ਰਮਾ (ਬਾਇਓਟੈਕਨੋਲੋਜਿਸਟ) ਅਤੇ ਡਾ. ਸੁਵੀਰ ਸਿੰਘ (ਸ੍ਰੀਮੁਖ ਅਤੇ ਅਸੋਸੀਏਟ ਪ੍ਰੋਫੈਸਰ, ਕਲੀਨੀਕਲ ਹਿਮੈਟੋਲੋਜੀ ਵਿਭਾਗ) ਵੱਲੋਂ ਕੀਤਾ ਗਿਆ।ਇਸ ਦਾ ਉਦਘਾਟਨ ਮੁੱਖ ਮਹਿਮਾਨ ਸ੍ਰੀ ਬਿਪਿਨ ਗੁਪਤਾ, ਸਚਿਵ, ਡੀਐਮਸੀ ਐਂਡ ਐਚ ਮੈਨੇਜਿੰਗ ਸੋਸਾਇਟੀ, ਵੱਲੋਂ ਕੀਤਾ ਗਿਆ। ਸਮਾਗਮ ਨੂੰ ਮਾਣਯੋਗ ਮਹਿਮਾਨਾਂ, ਜਿਵੇਂ ਕਿ ਸ੍ਰੀ ਮੁਕੇਸ਼ ਵਰਮਾ (ਖਜਾਨਚੀ, ਡੀਐਮਸੀ ਐਂਡ ਐਚ ਮੈਨੇਜਿੰਗ ਸੋਸਾਇਟੀ) ਅਤੇ ਡਾ. ਜੀ.ਐਸ. ਵੰਡਰ, ਪ੍ਰਿੰਸਪਲ, ਡੀਐਮਸੀ ਐਂਡ ਐਚ ਨੇ ਵੀ ਗਰਿਮਾ ਬਖ਼ਸ਼ੀ।

ਡਾ. ਜੀ.ਐਸ. ਵਾਂਡਰ ਨੇ ਸਭ ਦਾ ਸੁਆਗਤ ਕਰਦਿਆਂ ਮੋਲੇਕਿਊਲਰ ਜਿਨੈਟਿਕਸ ਵਿੱਚ ਖੋਜ ਨੂੰ ਅੱਗੇ ਵਧਾਉਣ ਅਤੇ ਆਧੁਨਿਕ ਜਿਨੈਟਿਕ ਸਾਧਨਾਂ ਨੂੰ ਚਿਕਿਤਸਾ ਵਿਅਵਸਥਾ ਵਿੱਚ ਸ਼ਾਮਿਲ ਕਰਨ ਦੀ ਮਹੱਤਾ 'ਤੇ ਜ਼ੋਰ ਦਿੱਤਾ।

ਆਪਣੇ ਉਦਘਾਟਨੀ ਭਾਸ਼ਣ ਵਿੱਚ, ਸ੍ਰੀ ਬਿਪਿਨ ਗੁਪਤਾ ਨੇ ਦਵਾਈ ਦੇ ਭਵਿੱਖ ਵਿੱਚ ਮੋਲੇਕਿਊਲਰ ਜਿਨੈਟਿਕਸ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, "ਇਹ ਕਾਨਫਰੰਸ ਵਿਸ਼ਵਵਿਆਪੀ ਵਿਗਿਆਨਕ ਤਰੱਕੀ ਨਾਲ ਆਪਣੇ ਆਪ ਨੂੰ ਜੋੜਨ ਲਈ ਇੱਕ ਕਦਮ ਹੈ।

"ਡਾਇਗਨੋਸਟਿਕਸ ਅਤੇ ਥੈਰੇਪਿਊਟਿਕਸ ਵਿੱਚ ਨਵੀਨ ਪਹੁੰਚਾਂ" ਵਿਸ਼ੇ 'ਤੇ ਆਧਾਰਤ ਮੌਖਿਕ ਅਤੇ ਪੋਸਟਰ ਪ੍ਰਸਤੁਤੀ ਸੈਸ਼ਨ ਵੀ ਆਯੋਜਿਤ ਕੀਤਾ ਗਿਆ। ਵਿਦਿਆਰਥੀਆਂ ਨੇ ਆਪਣੇ ਰਿਸਰਚ ਅਤੇ ਰਚਨਾਤਮਕਤਾ ਨੂੰ ਪੋਸਟਰ ਅਤੇ ਪ੍ਰਸਤੁਤੀਆਂ ਰਾਹੀਂ ਦਰਸਾਇਆ।

# ਸਿਰਜਣਧਾਰਾ ਵੱਲੋਂ ਪਰਵਾਸੀ ਸ਼ਾਇਰ ਭੁਪਿੰਦਰ ਸਿੰਘ ਸੱਗੂ ਦੀ ਪੁਸਤਕ "ਤ੍ਰੈਕਾਲ" ਲੋਕ ਅਰਪਣ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪਰੈਲ INTERNATIONAL PAPER, 94636 01616 hardipchumber57@gmail.com



ਲੁਧਿਆਣਾ (ਗੁਰਦੀਪ ਸਿੰਘ) ਸਿਰਜਣਧਾਰਾ ਸੰਸਥਾ ਵਲੋਂ ਪੰਜਾਬੀ ਭਵਨ ਵਿਖੇ ਇੱਕ ਵਿਸ਼ੇਸ਼ ਸਾਹਿਤਕ ਸਮਾਗਮ ਅਤੇ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਪਰਵਾਸੀ ਸ਼ਾਇਰ ਭੁਪਿੰਦਰ ਸਿੰਘ ਸੱਗੂ ਦੀ ਪੁਸਤਕ " ਤ੍ਰੈਕਾਲ " ਵੀ ਲੋਕ ਅਰਪਣ ਕੀਤੀ ਗਈ। ਪ੍ਰਧਾਨਗੀ ਮੰਡਲ ਵਿੱਚ ਪੰਜਾਬੀ ਸਾਹਿਤ ਅਕੈਡਮੀ ਦੇ ਪ੍ਰਧਾਨ ਡਾ ਸਰਬਜੀਤ ਸਿੰਘ ਨਾਰੰਗਵਾਲ, ਸਾਬਕਾ ਜਨਰਲ ਸਕੱਤਰ ਡਾ ਗੁਰਇਕਬਾਲ ਸਿੰਘ, ਡਾ ਗੁਰਚਰਨ ਕੌਰ ਕੋਚਰ, ਮੁੱਖ ਮਹਿਮਾਨ ਦੇ ਤੌਰ ਤੇ ਡਾ ਸੋਮਾ ਸਬਲੋਕ ਅਤੇ ਮਨਦੀਪ ਕੌਰ ਭੰਮਰਾ ਮੁੱਖ ਬੁਲਾਰੇ ਦੇ ਤੌਰ ਤੇ ਸ਼ਾਮਿਲ ਹੋਏ। ਪ੍ਰੋਗਰਾਮ ਦੇ ਸ਼ੁਰੂ ਵਿੱਚ ਜੰਮੂ ਕਸ਼ਮੀਰ ਦੇ ਅਨੰਤਨਾਗ ਜਿਲ੍ਹੇ ਦੇ ਪਹਿਲਗਾਮ ਵਿੱਚ ਵਾਪਰੇ ਘਿਨਾਉਣੇ ਖੂਨੀ ਕਾਂਡ ਵਿੱਚ ਮਾਰੇ ਗਏ ਬੇ ਕਸੂਰ ਲੋਕਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਰੱਖ ਕੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਡਾ ਸੋਮਾ ਸਬਲੋਕ ਅਤੇ ਮਨਦੀਪ ਕੌਰ ਭੰਮਰਾ ਨੇ ਪੁਸਤਕ ਤ੍ਰੈਕਾਲ ਤੇ ਪਰਚਾ ਪੜ੍ਹ ਕੇ ਭੁਪਿੰਦਰ ਸਿੰਘ ਸੱਗੂ ਦੀ ਲੇਖਣੀ ਉੱਪਰ ਭਰਪੂਰ ਚਾਨਣਾ ਪਾਇਆ। ਡਾ ਸਰਬਜੀਤ ਸਿੰਘ ਅਤੇ ਡਾ ਗੁਰਇਕਬਾਲ ਨੇ ਸਾਂਝੇ ਤੌਰ ਤੇ ਪੁਸਤਕ ਵਿਚਲੀਆਂ ਕਵਿਤਾਵਾਂ ਦੀ ਭਰਪੂਰ ਸ਼ਲਾਂਘਾ ਕੀਤੀ ਅਤੇ ਲਿਖਤ ਨੂੰ ਲੋਕ ਮਨਾਂ ਦੀਆਂ ਭਾਵਨਾਵਾਂ ਦੇ ਨਾਲ ਤੁਰਦੀ ਲਿਖਤ ਆਖਿਆ ਅਤੇ ਕਿਹਾ ਕਿ ਅਜੋਕੇ ਸਮੇਂ ਵਿੱਚ ਐਸੀਆਂ ਲਿਖਤਾਂ ਦੀ ਬਹੁਤ ਲੋੜ ਹੈ। ਡਾ ਗੁਲਜ਼ਾਰ ਸਿੰਘ ਪੰਧੇਰ ਨੇ ਬੋਲਦੇ ਹੋਏ ਕਿਹਾ ਕਿ ਸੱਤ ਸਮੁੰਦਰੋਂ ਪਾਰ ਬੈਠੇ ਲੇਖਕ ਦਾ ਆਪਣੀ ਮਾਂ ਬੋਲੀ ਅਤੇ ਜਨਮ ਭੂਮੀ ਦੇ ਪਿਆਰ ਪ੍ਰਤੀ ਗਹਿਰਾ ਮੋਹ ਇਹ ਉਹਨਾਂ ਦੀ ਪੁਸਤਕ ਤ੍ਰੈਕਾਲ ਦਰਸਾਉਂਦੀ ਹੈ ਅਤੇ ਲੋਕ ਵੇਦਨਾ ਦੀ ਬਾਤ ਪਾਉਂਦੀ ਹੈ। ਭਾਸ਼ਾ ਅਫ਼ਸਰ ਡਾ ਸੰਦੀਪ ਸ਼ਰਮਾ ਨੇ ਆਪਣੇ ਸ਼ਬਦਾਂ ਵਿੱਚ ਬੋਲਦੇ ਕਿਹਾ ਕਿ ਪ੍ਰਦੇਸੀ ਬੈਠੇ ਪੰਜਾਬੀ ਮਾਂ ਬੋਲੀ ਪਿਆਰਿਆਂ ਨੂੰ ਡਾਲਰਾਂ ਦੀ ਚਕਾਚੌਂਧ ਵੀ ਭਰਮਾ ਨਹੀਂ ਸਕੀ, ਉਸ ਦੀ ਮਿਸਾਲ ਇਹ ਪੁਸਤਕ ਤ੍ਰੈਕਾਲ ਤੁਹਾਡੇ ਸਾਹਮਣੇ ਹੈ। ਡਾ ਕੋਚਰ ਤ੍ਰੈਕਾਲ ਪੁਸਤਕ ਦੀ ਸ਼ਲਾਘਾ ਕਰਦੇ ਕਿਹਾ ਕਿ ਸੱਗੂ ਦੀ ਕਵਿਤਾ ਵਿੱਚ ਵੰਗਾਰ ਵੀ ਹੈ ਤੇ ਲਲਕਾਰ ਵੀ ਜੋ ਰੰਗਲੇ ਪੰਜਾਬ ਨੂੰ ਹੋਰ ਖੁਸ਼ਹਾਲ ਦੇਖਣਾ ਲੋਚਦੀ ਹੈ। ਹਰੀ ਸਿੰਘ ਜਾਚਕ ਨੇ ਪੁਸਤਕ ਵਿੱਚੋਂ ਚੋਣਵੀਆਂ ਕਵਿਤਾਵਾਂ ਪੜ੍ਹ ਕੇ ਸਰੋਤਿਆਂ ਤੇ ਗਹਿਰੀ ਛਾਪ ਛੱਡੀ। ਇਸ ਸਮੇਂ ਬਾਪੂ ਬਲਕੌਰ ਸਿੰਘ, ਉੱਘੇ ਨਾਟਕਕਾਰ ਤਰਲੋਚਨ ਸਿੰਘ ਪਨੇਸਰ, ਇੰਦਰਜੀਤ ਕੌਰ ਕਹਾਣੀਕਾਰਾ, ਨਾਟਕਕਾਰ ਮੋਹੀ ਅਮਰਜੀਤ, ਚਰਨਜੀਤ ਸਿੰਘ ਅਤੇ ਗੁਰਮੇਜ਼ ਭੱਟੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਉਪਰੰਤ ਹੋਏ ਕਵੀ ਦਰਬਾਰ ਵਿੱਚ ਆਏ ਕਵੀਆਂ ਨੇ ਤਰੰਨਮ ਵਿੱਚ ਕਵਿਤਾਵਾਂ ਗੀਤ ਸੁਣਾ ਕੇ ਚੰਗਾ ਰੰਗ ਬੰਨ੍ਹਿਆ। ਉੱਘੇ ਕਵੀ ਤ੍ਰੈਲੋਚਨ ਲੋਚੀ ਨੇ ਕਵਿਤਾ "ਲੋਕੀ ਕਹਿਣ ਬਲਾਵਾਂ ਹੁੰਦੀਆਂ, ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ", ਸੰਦੀਪ ਸ਼ਰਮਾ ਨੇ " ਜਦੋਂ ਵੀ ਤੇਰੀ ਦਾਦੀ ਚੇਤੇ ਆਵੇਗੀ" ਅਤੇ ਖੁਰਸ਼ੀਦ ਦਾ ਆੜ੍ਹੀ", ਅਮਰਜੀਤ ਸ਼ੇਰਪੁਰੀ ਨੇ ਗੀਤ" ਕਿਉਂ ਨਿਰਮੋਹਾ ਹੋ ਗਿਆਂ ਭੁੱਲ ਕੇ ਚਾਰ ਕੁ ਸ਼ਿਕਿਆਂ ਤੇ" ਮਨਦੀਪ ਕੌਰ ਭੰਮਰਾ ਨੇ " ਅਸੀਂ ਤਾਂ ਖਿੜਨਾ ਸੀ ਅਜੇ ਗੁਲਾਬ ਦੀ ਤਰ੍ਹਾਂ", ਸੁਰਜੀਤ ਸਿੰਘ ਜੀਤ ਨੇ " ਅੱਤਵਾਦ ਦਾ ਕੋਈ ਧਰਮ ਨਹੀਂ ਹੁੰਦਾ", ਸੁਰਿੰਦਰ ਦੀਪ ਅਤੇ ਰਵਿੰਦਰ ਰਵੀ ਨੇ ਵੀ ਕਵਿਤਾ ਰਾਹੀਂ ਸਾਂਝ ਪਈ, ਸਤਨਾਮ ਸਿੰਘ ਕੋਮਲ ਨੇ " ਸਮਾਂ ਕਿਸ ਲਈ ਖਲੋਇਆ ਹੈ", ਕੇ ਸਾਧੂ ਸਿੰਘ ਨੇ " ਤਾਇਆ ਸੰਸਾਰਾ", ਸੰਪੂਰਨ ਸਨਮ ਨੇ ਕਵਿਤਾ " ਜੈ ਭੀਮ ਜੈ ਭਾਰਤ ਦਾ ਨਾਹਰਾ", ਸਰਵਣਵੀਰ ਸਿੰਘ ਨੇ " ਸੋਚ ਕੇ ਜੋ ਬਰਤਾਨਵੀਆਂ ਵੰਡ ਪਾਈ ਸੀ", ਗੁਰਦੀਪ ਸਿੰਘ ਨੇ " ਚਾਹ ਪੀਓ ਅਤੇ ਚਾਹ ਪਿਆਓ",ਸਿਮਰਨ ਧੁੱਗਾ ਨੇ "ਸੱਜਣਾ ਗਲਤੀ ਭਾਰੀ ਕੀਤੀ, ਸੱਜਣਾਂ ਨਾਲ ਗਦਾਰੀ ਕੀਤੀ", ਅੰਜਨਾ ਨੇ " ਕਿਉਂ ਨਿੰਦੀਏ ਓਸ ਨੂੰ ਜੋ ਹੈ ਸਾਡਾ ਅਧਾਰ", ਬਲਜੀਤ ਕੌਰ ਬੱਲ ਨੇ " ਨਜ਼ਮ "ਮਹਿੰਦੀ" ਪੇਸ਼ ਕੀਤੀ। ਮੰਚ ਦਾ ਸੰਚਾਲਨ ਉੱਘੇ ਗੀਤਕਾਰ ਤੇ ਗਾਇਕ ਅਮਰਜੀਤ ਸ਼ੇਰਪੁਰੀ ਨੇ ਕੀਤਾ। ਅੰਤ ਵਿੱਚ ਸਿਰਜਣਧਾਰਾ ਦੀ ਪ੍ਰਧਾਨ ਡਾ ਗੁਰਚਰਨ ਕੌਰ ਕੋਚਰ ਨੇ ਆਏ ਸੱਜਣਾਂ ਦਾ ਅਤਿ ਧੰਨਵਾਦ ਕੀਤਾ

# ਬਹਾਦਰੀ ਅਤੇ ਦਲੇਰੀ ਦੀ ਗਾਥਾ ਹੈ ਫ਼ਿਲਮ ਅਕਾਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪਰੈਲ INTERNATIONAL PAPER, 94636 01616 hardipchumber57@gmail.com




ਪੰਜਾਬ ਯੋਧਿਆਂ ਅਤੇ ਸੂਰਬੀਰਾਂ ਦੀ ਧਰਤੀ ਹੈ।ਇਸੇ ਕਰਕੇ ਪੰਜਾਬ ਦੇ ਜੰਮਿਆਂ ਲਈ ਨਿੱਤ ਮੁਹਿੰਮਾਂ ਵਰਗੇ ਕਥਨ ਵਿਸ਼ਵ ਪ੍ਰਸਿੱਧ ਹਨ। ਘੋੜੇ ਦੀਆਂ ਕਾਠੀਆਂ ਇਹਨਾਂ ਦੇ ਘਰ ਅਤੇ ਭੁੱਜੇ ਛੋਲੇ ਇਹਨਾਂ ਦਾ ਲੰਗਰ ਬਣੇ। ਜਦੋਂ ਜਦੋਂ ਧਰਤੀ ਤੇ ਜ਼ੁਲਮ ਦੀ ਹਕੂਮਤ ਨੇ ਆਪਣੇ ਪੈਰ ਜਮਾਉਣੇ ਚਾਹੇ ਉਦੋਂ ਉਦੋਂ ਜ਼ੁਲਮ ਦੇ ਅੰਤ ਲਈ ਕੋਈ ਨਾ ਕੋਈ ਸੂਰਬੀਰ ਯੋਧਾ ਜਰੂਰ ਪੈਦਾ ਹੋਇਆ।1699 ਈ ਵਿੱਚ ਵਿਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ਦਸ਼ਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤੀ ਖਾਲਸਾ ਪੰਥ ਦੀ ਸਿਰਜਨਾ ਨੇ ਚਿੜੀਆਂ ਤੋਂ ਬਾਜ ਤੁੜਵਾਉਣ ਦਾ ਬਲ ਬਖਸ਼ਿਆ। ਗੁਰੂ ਦਾ ਇੱਕ ਇੱਕ ਸਿੰਘ ਸਵਾ ਸਵਾ ਲੱਖ ਦੇ ਬਰਾਬਰ ਲੜਿਆ। ਇਹ ਗੁਰੂ ਸਾਹਿਬ ਦੀ ਬਾਣੀ ਅਤੇ ਖੰਡੇ ਦੀ ਧਾਰ ਦਾ ਹੀ ਨਤੀਜਾ ਹੈ ਕਿ ਅਜ਼ਾਦੀ ਦੀ ਲੜ੍ਹਾਈ ਹੋਵੇ ਜਾਂ ਖੇਡ ਦਾ ਮੈਦਾਨ ਪੰਜਾਬੀਆਂ ਨੇ ਆਪਣੀ ਕਾਬਲੀਅਤ ਦਾ ਲੋਹਾ ਪੂਰੀ ਦੁਨੀਆਂ ਵਿੱਚ ਮਨਵਾਇਆ।

ਅਜੋਕੇ ਸਮੇਂ ਵਿੱਚ ਪੰਜਾਬੀ ਸਿਨੇਮਾ ਪਿਆਰ, ਮੁਹੱਬਤ, ਜੱਟਵਾਦ,ਕਾਮੇਡੀ ਅਤੇ ਜੀਵਨੀਆਂ ਤੋਂ ਹਟ ਕੇ ਅਜਿਹੀਆਂ ਫ਼ਿਲਮਾਂ ਬਣਾ ਰਿਹਾ ਹੈ ਜੋ ਸਮਾਜ ਨੂੰ ਸੇਧ ਦਿੰਦੀਆਂ ਹੋਈਆਂ ਇਤਿਹਾਸ ਅਤੇ ਵਿਰਸੇ ਨਾਲ ਰੂਬਰੂ ਕਰਵਾਉਣ ਵਿਚ ਮਦਦ ਕਰ ਰਹੀਆਂ ਹਨ ਅਤੇ ਜਿਨ੍ਹਾਂ ਨੂੰ ਦਰਸ਼ਕਾਂ ਵੱਲੋਂ ਵੀ ਭਰਪੂਰ ਹੁੰਗਾਰਾ ਮਿਲ ਰਿਹਾ ਹੈ।ਇਸ ਲੜੀ ਵਿੱਚ ਅਰਦਾਸ, ਅਰਦਾਸ ਕਰਾਂ,ਅਰਦਾਸ ਸਰਬੱਤ ਦੇ ਭਲੇ ਦੀ,ਮਸਤਾਨੇ,ਗੁਰਮੁਖ ਅਤੇ ਆਉਣ ਵਾਲੀ ਦਸ ਅਪ੍ਰੈਲ ਨੂੰ ਹਿੰਦੀ ਅਤੇ ਪੰਜਾਬੀ ਭਾਸ਼ਾ ਵਿੱਚ ਰਿਲੀਜ਼ ਹੋ ਰਹੀ ਫ਼ਿਲਮ ਅਕਾਲ ਉਹਨਾਂ ਗਿਣੀਆਂ ਚੁਣੀਆਂ ਫ਼ਿਲਮਾਂ ਵਿੱਚੋਂ ਇੱਕ ਹੈ ਜਿਹਨਾਂ ਦੀ ਕਹਾਣੀ ਰਵਾਇਤੀ ਫ਼ਿਲਮਾਂ ਤੋਂ ਕੁੱਝ ਹਟ ਕੇ ਹੈ।

ਅਕਾਲ ਫ਼ਿਲਮ ਵਿੱਚ ਮੁੱਖ ਅਦਾਕਾਰ ਗਿੱਪੀ ਗਰੇਵਾਲ, ਗੁਰਪ੍ਰੀਤ ਘੁੱਗੀ,ਨਿਮਰਤ ਖਹਿਰਾ,ਛਿੰਦਾ ਗਰੇਵਾਲ,ਏਕਮ ਗਰੇਵਾਲ,ਅਸੀਸ ਦੁੱਗਲ, ਪ੍ਰਿੰਸ ਕੰਵਲਜੀਤ ਸਿੰਘ ਅਤੇ ਨਿਕਤਿਨ ਧੀਰ ਸ਼ਾਮਿਲ ਹਨ।

ਫ਼ਿਲਮ ਅਕਾਲ ਨੂੰ ਹਿੰਦੀ ਫ਼ਿਲਮਾਂ ਦੇ ਮਸ਼ਹੂਰ ਪ੍ਰੋਡਿਊਸਰ ਕਰਨ ਜ਼ੌਹਰ,ਅਦਰ ਪੂਨਾਵਾਲਾ ਅਤੇ ਅਪੂਰਵਾ ਮਹਿਤਾ ਦੇ ਸਹਿਯੋਗ ਨਾਲ ਪ੍ਰੋਡਿਊਸ ਕਰਕੇ ਗਿੱਪੀ ਗਰੇਵਾਲ ਦੁਆਰਾ ਲਿਖਿਆ ਅਤੇ ਡਾਇਰੈਕਟ ਕੀਤਾ ਗਿਆ ਹੈ। ਫ਼ਿਲਮ ਪੰਜਾਬੀ ਭਾਸ਼ਾ ਵਿੱਚ ਵਰਲਡਵਾਈਡ ਡਿਸਟਰੀਬਿਊਸ਼ਨ ਲਈ ਵਾਈਟ ਹਿੱਲ ਅਤੇ ਹਿੰਦੀ ਭਾਸ਼ਾ ਵਿੱਚ ਧਰਮਾ ਪ੍ਰੋਡਕਸ਼ਨ ਨਾਲ ਮਿਲ ਕੇ ਹੰਬਲ ਮੋਸ਼ਨ ਪਿਕਚਰਜ਼ ਦੇ ਬੈਨਰ ਹੇਠ ਪੇਸ਼ ਕੀਤੀ ਗਈ ਹੈ। ਫ਼ਿਲਮ ਦੇ ਗੀਤਾਂ ਨੂੰ ਹੈਪੀ ਰਾਏਕੋਟੀ ਨੇ ਆਪਣੀ ਕਲਮ ਨਾਲ ਤਿਆਰ ਕੀਤਾ ਹੈ ਜਿਸਨੂੰ ਸ਼ੰਕਰ ਮਹਾਦੇਵਨ,ਅਰੀਜੀਤ ਸਿੰਘ, ਸ੍ਰੇਯਾ ਘੋਸ਼ਾਲ, ਸੁਖਵਿੰਦਰ ਸਿੰਘ,ਗਿੱਪੀ ਗਰੇਵਾਲ ਅਤੇ ਸਿਕੰਦਰ ਨੇ ਆਪਣੀ ਆਵਾਜ਼ ਦੇ ਕੇ ਫ਼ਿਲਮ ਦੀ ਗੋਂਦ ਨੂੰ ਪ੍ਰਭਾਵਸ਼ਾਲੀ ਬਣਾਇਆ ਹੈ। ਫ਼ਿਲਮ ਦੇ ਐਕਸ਼ਨ ਵਿੱਚ ਹਿੰਦੀ ਫ਼ਿਲਮਾਂ ਦੀ ਦਿੱਖ ਨਜ਼ਰ ਆਉਂਦੀ ਹੈ।ਫ਼ਿਲਮ ਸਿੱਖਾਂ ਦੀ ਬਹਾਦਰੀ ਦੀ ਗਾਥਾ ਹੈ,ਜੋ ਹਮੇਸ਼ਾ ਗ਼ਰੀਬ ਅਤੇ ਮਜ਼ਲੂਮਾਂ ਦੀ ਰਾਖੀ ਲਈ ਤਿਆਰ ਰਹਿੰਦੇ ਹਨ। ਅਜੋਕੇ ਸਮੇਂ ਵਿੱਚ ਜਦੋਂ ਤਕਨੀਕੀ ਵਾਧੇ ਕਰਕੇ ਅਸੀਂ ਆਪਣੇ ਵਿਰਸੇ ਅਤੇ ਇਤਿਹਾਸ ਤੋਂ ਬੇਮੁੱਖ ਹੋ ਰਹੇ ਉਸ ਸਮੇਂ ਅਕਾਲ ਵਰਗੀਆਂ ਫ਼ਿਲਮਾਂ ਨੌਜਵਾਨਾਂ ਨੂੰ ਆਪਣੇ ਵਿਰਸੇ ਅਤੇ ਇਤਿਹਾਸ ਤੋਂ ਜਾਣੂ ਕਰਵਾਉਣ ਵਿੱਚ ਮਦਦਗਾਰ ਸਾਬਿਤ ਹੋਣਗੀਆਂ। ਫ਼ਿਲਮ ਦੀ ਕਾਮਯਾਬੀ ਲਈ ਅਰਦਾਸ ਕਰਦੇ ਹੋਏ ਦਰਸ਼ਕ ਭਵਿੱਖ ਵਿੱਚ ਵੀ ਆਪਣੀ ਸੱਭਿਅਤਾ ਨਾਲ ਜੋੜਨ ਵਾਲੀਆਂ ਅਜਿਹੀਆਂ ਹੋਰ ਫ਼ਿਲਮਾਂ ਦੀ ਬੇਸਬਰੀ ਨਾਲ ਉਡੀਕ ਕਰਦੇ ਰਹਿਣਗੇ।

ਰਜਵਿੰਦਰ ਪਾਲ ਸ਼ਰਮਾ
7087367969

# ਪਹਿਲਗਾਮ 'ਚ ਬੀਤੇ ਦਿਨੀਂ ਹੋਏ ਅੱਤਵਾਦੀ ਹਮਲੇ ਦੀ ਘਟਨਾ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ : ਡਾ ਆਸ਼ੀਸ਼ ਸ਼ਰੀਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪਰੈਲ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ 27 ਅਪ੍ਰੈਲ ( ਤਰਸੇਮ ਦੀਵਾਨਾ ) ਕਸ਼ਮੀਰ ਦੇ ਪ੍ਰਸਿੱਧ ਸੈਲਾਨੀ ਥਾਂ ਪਹਿਲਗਾਮ 'ਚ ਬੀਤੇ ਦਿਨੀਂ ਹੋਈ ਅੱਤਵਾਦੀ ਹਮਲੇ ਦੀ ਘਟਨਾ ਨੇ ਪੂਰੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਦਿਲ ਦਹਿਲਾ ਦੇਣ ਵਾਲੀ ਘਟਨਾ ਵਿੱਚ ਅੱਤਵਾਦੀਆਂ ਵੱਲੋਂ ਨਿਹੱਥੇ ਅਤੇ ਬੇਕਸੂਰ 2 ਦਰਜਨ ਤੋਂ ਜਿਆਦਾ ਸੈਲਾਨੀਆਂ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਹੈ "ਹਿਜ਼ ਐਕਸੀਲੈਂਟ ਐਂਡ ਕੋਚਿੰਗ ਸੈਂਟਰ" ਅਤੇ "ਸੇਂਟ ਕਬੀਰ ਪਬਲਿਕ ਸੀਨੀਅਰ ਸਕੈਂਡਰੀ ਸਕੂਲ ਚੱਗਰਾ" ਦੇ ਐਮਡੀ ਡਾ ਆਸ਼ੀਸ਼ ਸ਼ਰੀਨ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ! ਉਹਨਾਂ ਕਿਹਾ ਕਿ ਇਹ ਕਾਰਵਾਈ ਨਾ ਸਿਰਫ਼ ਅਮਨ ਪਸੰਦ ਭਾਰਤ ਉੱਤੇ ਹਮਲਾ ਹੈ, ਬਲਕਿ ਇਨਸਾਨੀਅਤ ਉੱਤੇ ਵੀ ਇੱਕ ਕਾਲਾ ਧੱਬਾ ਹੈ। ਉਹਨਾਂ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਨਿਹੱਥੇ ਅਤੇ ਬੇਕਸੂਰ ਲੋਕਾਂ ਦੀ ਹੱਤਿਆ ਕਰਨ ਵਾਲਾ ਇਨਸਾਨ ਕਹਾਉਣ ਦੇ ਕਾਬਿਲ ਨਹੀਂ ਹੋ ਸਕਦਾ। ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਹਮਲੇ ਵਿਚ ਸ਼ਾਮਲ ਸਾਰੇ ਮੁਲਜ਼ਮਾਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਕਾਬੂ ਕੀਤਾ ਜਾਵੇ ਅਤੇ ਕਿਉਂ ਕਹਿੰਦੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ । ਉਹਨਾਂ ਕਿਹਾ ਕਿ ਦੇਸ਼ ਦੀ ਸੁਰੱਖਿਆ ਪਹਿਲ ਦੇ ਅਧਾਰ ਤੇ ਹੋਣੀ ਚਾਹੀਦੀ ਹੈ ਅਤੇ ਕਸ਼ਮੀਰ 'ਚ ਸੈਲਾਨੀਆਂ ਦੀ ਸੁਰੱਖਿਆ ਲਈ ਹੋਰ ਠੋਸ ਅਤੇ ਪ੍ਰਭਾਵਸ਼ਾਲੀ ਇੰਤਜ਼ਾਮ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਜਤਾਉਂਦਿਆਂ ਕਿਹਾ ਕਿ ਇਹ ਬਹੁਤ ਹੀ ਦੁੱਖ ਦੀ ਘੜੀ ਹੈ ਅਤੇ ਇਸ ਦੁੱਖ ਦੀ ਘੜੀ ਵਿੱਚ ਪੂਰਾ ਦੇਸ਼ ਇੱਕਜੁਟ ਹੈ ਤੇ ਇੱਕ ਜੁੱਟ ਹੋ ਕੇ ਹੀ ਰਹਿਣਾ ਚਾਹੀਦਾ ਹੈ । ਉਹਨਾਂ ਕਿਹਾ



ਪਹਿਲਗਾਮ ਵਿਖੇ ਹੋਏ ਅੱਤਵਾਦੀ ਹਮਲੇ ਦੌਰਾਨ 2 ਦਰਜਨ ਤੋਂ ਜਿਆਦਾ ਸੈਲਾਨੀਆਂ ਦੀ ਹੋਈ ਮੌਤ ਨੇ ਭਾਰਤ ਦੇ ਹਰ ਵਾਸੀ ਦੀ ਅੱਖ ਨਮ ਕੀਤੀ ਹੋਈ। ਭਾਰਤ ਦੇ ਲੋਕਾਂ ਵਿਚ ਇਸ ਘਟਨਾ ਨੂੰ ਲੈ ਕੇ ਕਾਫ਼ੀ ਗੁੱਸਾ ਪਾਇਆ ਜਾ ਰਿਹਾ ਹੈ ਜੋ ਕਿ ਅੱਤਵਾਦੀਆਂ ਨੂੰ ਫਾਂਸੀ ਦੇਣ ਦੀ ਮੰਗ ਕਰ ਰਹੇ ਹਨ ਤਾਂ ਜੋ ਮ੍ਰਿਤਕ ਸੈਲਾਨੀਆਂ ਦੇ ਪਰਿਵਾਰਾਂ ਨੂੰ ਇਨਸਾਫ਼ ਮਿਲ ਸਕੇ।

# ਪਹਿਲਗਾਮ ਵਿੱਚ ਨਿਹੱਥੇ ਲੋਕਾਂ ਤੇ ਹਮਲਾ ਕਰਨ ਵਾਲੇ ਅੱਤਵਾਦੀਆਂ ਦੀ ਇਨਸਾਨੀਅਤ ਮਰੀ ਹੋਈ ਜਾਪਦੀ ਹੈ : ਨੰਬਰਦਾਰ ਰਣਜੀਤ ਰਾਣਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 27 ਅਪ੍ਰੈਲ ( ਤਰਸੇਮ ਦੀਵਾਨਾ ) ਜੰਮੂ ਕਸ਼ਮੀਰ ਦੇ ਪਹਿਲਗਾਮ ਹਮਲੇ ਚ ਮਾਰੇ ਗਏ ਨਿਹੱਥੇ ਅਤੇ ਬੇਗੁਨਾਹ ਸੈਲਾਨੀਆ ਪ੍ਰਤੀ ਦੁੱਖ ਦਾ ਪ੍ਰਗਟਾਵਾ ਕਰਦਿਆਂ ਸਥਾਨਕ ਮੁਹੱਲਾ ਭੀਮ ਨਗਰ ਦੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਜੀ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਲੰਬੜਦਾਰ ਰਣਜੀਤ ਸਿੰਘ ਰਾਣਾ ਨੇ ਕੁਝ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ਉਹਨਾਂ ਕਿਹਾ ਕਿ ਇਹ ਉਹ ਨਫਰਤ ਨਾਲ ਭਰੇ ਲੋਕਾਂ ਨੇ ਕਾਰਾ ਕੀਤਾ ਹੈ,ਜਿਨਾਂ ਦਾ ਕੋਈ ਵੀ ਦੀਨ ਧਰਮ ਨਹੀਂ ਹੈ। ਉਹਨਾਂ ਕਿਹਾ ਕਿ ਹਿੰਸਾ ਦਾ ਇਹ ਮਨੁੱਖਤਾ ਅਤੇ ਸ਼ਾਂਤੀ ਤੇ ਹਮਲਾ ਹੈ । ਉਹਨਾਂ ਅੱਗੇ ਕਿਹਾ ਕਿ ਇਹ ਹਮਲਾ ਇੱਕ ਕਾਇਰਤਾ ਦੀ ਨਿਸ਼ਾਨੀ ਹੈ ਜੋ ਮਨੁੱਖਤਾ ਨੂੰ ਸ਼ਰਮਸਾਰ ਕਰਦੀ ਹੈ ਉਹਨਾਂ ਕੇਂਦਰ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਭਾਰਤ ਦੀਆਂ ਸਾਰੀਆਂ ਖੁਫੀਆ ਏਜੰਸੀਆਂ ਇੱਥੇ ਫੇਲ ਸਾਬਤ ਹੋਈਆਂ ਹਨ ਉਹਨਾਂ ਕਿਹਾ ਕਿ ਪਹਿਲਗਾਮ ਦੀ ਘਟਨਾ ਜਿੱਥੇ ਸਮੁੱਚੀ ਮਨੁੱਖਤਾ ਨੂੰ ਸ਼ਰਮਸਾਰ ਕਰਦੀ ਹੈ ਉੱਥੇ ਹੀ ਕੇਂਦਰ ਸਰਕਾਰ ਦੀ ਨਲਾਇਕੀ ਜੱਗ ਜਾਹਰ ਕਰਦੀ ਹੈ।ਉਹਨਾਂ ਕਿਹਾ ਕਿ ਇੰਨਾ ਵੱਡਾ ਕਾਂਡ ਹੋ ਗਿਆ ਹੋਵੇ ਤੇ ਏਜੰਸੀਆਂ ਨੂੰ ਕੰਨੋ ਕੰਨ ਖਬਰ ਨਾ ਹੋਵੇ ਬੜੇ ਦੁੱਖ ਦੀ ਗੱਲ ਹੈ । ਉਹਨਾਂ ਕਿਹਾ ਕਿ ਇਹ ਅੱਤਵਾਦੀ ਹਮਲਾ ਭਾਰਤ ਦੀਆਂ ਸਭ ਏਜੰਸੀਆਂ ਉੱਤੇ ਸਵਾਲੀਆ ਨਿਸ਼ਾਨ ਖੜਾ ਕਰਦਾ ਹੈ ਉਹਨਾਂ ਕਿਹਾ ਕਿ



ਇਹ ਵੀ ਇੱਕ ਜਾਂਚ ਦਾ ਵਿਸ਼ਾ ਹੈ ਅਤੇ ਸਰਕਾਰਾ ਦਾ ਧਿਆਨ ਮੰਗਦਾ ਹੈ । ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਇਸੇ ਹੀ ਸੂਬੇ ਵਿੱਚ ਸੈਂਕੜੇ ਫੌਜੀਆਂ ਦੀਆਂ ਜਾਨਾਂ ਗਈਆਂ ਸਨ ਪਰ ਉਸ ਵੇਲੇ ਵੀ ਕੇਂਦਰ ਸਰਕਾਰ ਨੇ ਕੋਈ ਠੋਸ ਕਦਮ ਨਹੀਂ ਸੀ ਚੁੱਕਿਆ।

# ਕੇ.ਐਲ. ਚਾਂਦ ਟਰੱਸਟ ਨੇ ਸਵ. ਗੁਰਨੇਕ ਮੱਲ ਦੀ ਪਹਿਲੀ ਬਰਸੀ ਮੌਕੇ ਕੀਤਾ ਮੈਗਾ ਪ੍ਰੋਜੈਕਟ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com

ਫਗਵਾੜਾ 27 ਅਪ੍ਰੈਲ (ਸ਼ਿਵ ਕੌੜਾ) ਅੰਗਹੀਣਾਂ ਦੀ ਸੇਵਾ ਨੂੰ ਸਮਰਪਿਤ ਸਮਾਜ ਸੇਵੀ ਜੱਥੇਬੰਦੀ ਕੇ.ਐੱਲ ਚਾਂਦ ਵੈਲਫੇਅਰ ਟਰੱਸਟ ਯੂ.ਕੇ ਦੀ ਪੰਜਾਬ ਇਕਾਈ ਵਲੋਂ 6 ਲੋੜਵੰਦ ਅੰਗਹੀਣਾਂ ਨੂੰ ਟਰਾਈ ਸਾਇਕਲ ਅਤੇ ਵਹੀਲ ਚੇਅਰਾਂ ਭੇਂਟ ਕੀਤੀਆਂ ਗਈਆਂ। ਇਸ ਮੈਗਾ ਪ੍ਰੋਜੈਕਟ ਸਬੰਧੀ ਸਮਾਗਮ ਟਰੱਸਟ ਦੇ ਸੂਬਾ ਕੋਆਡੀਨੇਟਰ ਰਜਿੰਦਰ ਕੁਮਾਰ ਬੰਟੀ ਦੀ ਅਗਵਾਈ ਹੇਠ ਫਰੈਂਡਜ ਕਲੋਨੀ ਫਗਵਾੜਾ ਵਿਖੇ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਦੰਦਾ ਦੇ ਮਾਹਿਰ ਡਾ. ਮਨਦੀਪ ਸਿੰਘ ਅਤੇ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਸ਼ਾਮਲ ਹੋਏ। ਉਹਨਾਂ ਤਿੰਨ ਲੋੜਵੰਦਾਂ ਨੂੰ ਟਰਾਈ ਸਾਇਕਲ ਅਤੇ ਤਿੰਨ ਹੋਰ ਲੋੜਵੰਦਾਂ ਨੂੰ ਵਹੀਲ ਚੇਅਰਾਂ ਭੇਂਟ ਕਰਦੇ ਹੋਏ ਟਰੱਸਟ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਡਾ. ਮਨਦੀਪ ਸਿੰਘ ਅਤੇ ਰਘਬੋਤਰਾ ਨੇ ਕਿਹਾ ਕਿ ਆਰਥਕ ਤੌਰ ਤੇ ਕਮਜੋਰ ਪਰਿਵਾਰਾਂ ਲਈ ਪਹਿਲਾਂ



ਹੀ ਮਰੀਜ ਦਾ ਇਲਾਜ ਕਰਵਾਉਣ ਵੱਡੀ ਚੁਣੌਤੀ ਹੁੰਦੀ ਹੈ ਅਤੇ ਮਹਿੰਗੀਆਂ ਟਰਾਈ ਸਾਇਕਲਾਂ ਜਾਂ ਵਹੀਲ ਚੇਅਰਾਂ ਖਰੀਦਣਾਂ ਉਹਨਾਂ ਲਈ ਮੁਸ਼ਕਿਲ ਹੁੰਦਾ ਹੋ ਜਾਂਦਾ ਹੈ। ਇਸ ਲਿਹਾਜ ਨਾਲ ਟਰੱਸਟ ਦਾ ਉਪਰਾਲਾ ਬਹੁਤ ਮਾਇਨੇ ਰੱਖਦਾ ਹੈ। ਟਰੱਸਟ ਦੇ ਸੂਬਾ ਕੋਆਰਡੀਨੇਟਰ ਰਾਜਿੰਦਰ ਕੁਮਾਰ ਬੰਟੀ ਨੇ ਦੱਸਿਆ ਕਿ ਅੱਜ ਦਾ ਇਹ ਸਮਾਗਮ ਟਰੱਸਟ ਦੇ ਬਾਨੀ ਕੇ.ਐਲ. ਚਾਂਦ ਯੂ.ਕੇ. ਦੇ ਸਪੁੱਤਰ ਸਵ. ਗੁਰਨੇਕ ਮੱਲ ਦੀ ਪਹਿਲੀ ਬਰਸੀ ਨੂੰ ਸਮਰਪਿਤ ਕੀਤਾ ਗਿਆ ਹੈ। ਕਰੀਬ 10 ਸਾਲ ਤੋਂ ਅੰਗਹੀਣਾਂ ਦੀ ਸੇਵਾ ਸਹਾਇਤਾ ਦਾ ਇਹ ਉਪਰਾਲਾ ਦੇਸ਼ ਵਿਦੇਸ਼ ਦੇ ਦਾਨੀ ਸੱਜਣਾਂ ਦੇ ਭਰਪੂਰ ਸਹਿਯੋਗ ਨਾਲ ਜਾਰੀ ਹੈ। ਟਰੱਸਟ ਦੇ ਚੇਅਰਮੈਨ ਕੇ.ਐਲ. ਚਾਂਦ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਹੁਣ ਤੱਕ ਪੰਜ ਸੌ ਤੋਂ ਵੱਧ ਵਹੀਲ ਚੇਅਰਾਂ ਤੇ ਟਰਾਈ ਸਾਇਕਲ ਦਿੱਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ ਅਨੇਕਾਂ ਲੋੜਵੰਦਾਂ ਦੇ ਬਨਾਵਟੀ ਅੰਗ ਵੀ ਲਗਵਾਏ ਗਏ ਹਨ। ਮੰਦਬੁੱਧੀ ਬੱਚਿਆਂ ਦਾ ਇਲਾਜ ਵੀ ਕਰਵਾਇਆ ਗਿਆ ਹੈ। ਉਹਨਾਂ ਸਮੂਹ ਸਹਿਯੋਗੀ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਭਰੋਸਾ ਦਿੱਤਾ ਕਿ ਇਸ ਮੁਹਿਮ ਨੂੰ ਅੱਗੇ ਵੀ ਜਾਰੀ ਰੱਖਣਗੇ। ਸਮਾਗਮ ਦੌਰਾਨ ਵਿਸ਼ੇਸ਼ ਮਹਿਮਾਨਾਂ ਵਜੋਂ ਹਾਜਰ ਆਏ ਨਗਰ ਕੌਂਸਲਰ ਅਮਨਦੀਪ ਕੌਰ ਅਤੇ ਸਾਬਕਾ ਕੌਂਸਲਰ ਸਰਬਜੀਤ ਕੌਰ ਤੋਂ ਇਲਾਵਾ ਸਮਾਜ ਸੇਵਕ ਮੋਹਨ ਲਾਲ ਸੂਦ ਨੇ ਵੀ ਟਰੱਸਟ ਵਲੋਂ ਅੰਗਹੀਣਾਂ ਦੀ ਸੇਵਾ ਲਈ ਕੀਤੇ ਜਾ ਰਹੇ ਸਮਾਜ ਭਲਾਈ ਦੇ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਹਰੇਕ ਸਮਰੱਥ ਵਿਅਕਤੀ ਨੂੰ ਇਹੋ ਜਿਹੇ ਸਮਾਜ ਭਲਾਈ ਦੇ ਕਾਰਜਾਂ ਵਿਚ ਯੋਗਦਾਨ ਜਰੂਰ ਪਾਉਣਾ ਚਾਹੀਦਾ ਹੈ। ਇਸ ਦੌਰਾਨ ਬਾਪੂ ਸੇਵਾ ਦੱਲ ਵਲੋਂ ਟਰੱਸਟ ਦੀ ਟੀਮ ਨੂੰ ਸਨਮਾਨਤ ਵੀ ਕੀਤਾ ਗਿਆ। ਸਟੇਜ ਦੀ ਸੇਵਾ ਜਸਵਿੰਦਰ ਸਿੰਘ ਠੇਕੇਦਾਰ ਅਕਾਲਗੜ੍ਹ ਵਲੋਂ ਨਿਭਾਈ ਗਈ। ਇਸ ਮੌਕੇ ਸਤਨਾਮ ਸਿੰਘ ਏ.ਐਸ. ਆਈ. ਮਾਧੋਪੁਰ, ਸਮਾਜ ਸੇਵਕ ਜਸਵਿੰਦਰ ਢੱਡਾ, ਰਿਟਾ. ਪ੍ਰਿੰਸੀਪਲ ਕ੍ਰਿਪਾਲ ਕੌਰ, ਜਸਵਿੰਦਰ ਸਿੰਘ ਭਗਤਪੁਰਾ, ਸਤਨਾਮ ਸਿੰਘ ਫਰੈਂਡਜ ਕਲੋਨੀ, ਰੇਸ਼ਮ ਸਿੰਘ, ਰਾਜੇਸ਼ ਕੁਮਾਰ ਗੁਪਤਾ, ਰਘਬੀਰ ਸਿੰਘ ਰਿਹਾਣਾ ਜੱਟਾਂ, ਹਰਬੰਸ ਲਾਲ ਸ਼ਿਵਪੁਰੀ, ਇੰਦਰਜੀਤ ਕੌਰ, ਨਵਜੋਤ ਗੰਗੜ, ਸੋਹਨ ਸਿੰਘ ਫਰੈਂਡਜ ਕਲੋਨੀ, ਸੁਖਪਾਲ ਸਿੰਘ, ਸੁਖਦੇਵ ਸਿੰਘ, ਜੀਤ ਦਾਸ ਭਟੋਏ ਤੋਂ ਇਲਾਵਾ ਟਰੱਸਟ ਕੈਸ਼ੀਅਰ ਆਸ਼ਾ ਰਾਣੀ ਚੁੰਬਰ, ਸ਼ਿੰਗਾਰਾ ਰਾਮ, ਕੈਲਵਿਨ ਚੁੰਬਰ, ਇੰਦਰਜੀਤ ਕੌਰ ਸ਼ਿਵਪੁਰੀ, ਸਰਵਣ ਦਾਸ, ਸੰਤੋਸ਼ ਕੁਮਾਰੀ ਪ੍ਰੇਮਪੁਰਾ, ਕੇਸਰ ਸਿੰਘ, ਜਗਜੀਵਨ ਰਾਮ ਤੋਂ ਇਲਾਵਾ ਹੋਰ ਪਤਵੰਤੇ ਹਾਜਰ ਸਨ।

# ਬੱਸ ਸਟਾਪ ਫਿਲੌਰ ਤੇ ਲੋਕ ਇਨਸਾਫ਼ ਮੰਚ ਤਹਿਸੀਲ ਫਿਲੌਰ ਵਲੋਂ ਗੈਰਕਾਨੂੰਨੀ ਸ਼ਰਾਬ ਦੇ ਠੇਕੇ ਦਾ ਚਲਦਾ ਕੰਮ ਬੰਦ ਕਰਵਾਇਆ

***ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਵਲੋਂ 24 ਘੰਟੇ ਦੇ ਅੰਦਰ ਅੰਦਰ ਸ਼ਰਾਬ ਦਾ ਠੇਕਾ ਚੁਕਵਾਉਣ ਦਾ ਵਾਅਦਾ ਕੀਤਾ*ਆਗੂਆਂ ਨੇ ਚੇਤਾਵਨੀ ਦਿੱਤੀ ਕੇ ਅਗਰ ਕੋਈ ਕਾਰਵਾਈ ਨਹੀਂ ਹੋਈ ਤਾਂ ਸੰਘਰਸ਼ ਹੋਵੇਗਾ***

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com

ਫਿਲੌਰ, ਅੱਪਰਾ (ਦੀਪਾ)-ਲੋਕ ਇਨਸਾਫ਼ ਮੰਚ ਤਹਿਸੀਲ ਫਿਲੌਰ ਦੀ ਟੀਮ ਵੱਲੋਂ ਬੱਸ ਸਟਾਪ ਫਿਲੌਰ ਵਿਖੇ ਪੰਜਾਬ ਸਰਕਾਰ ਦੇ ਆਗੂਆਂ ਦੀ ਸ਼ਹਿ ਤੇ ਸ਼ਰਾਬ ਮਾਫ਼ੀਆ ਵਲੋਂ ਬਣਾਏ ਜਾ ਰਹੇ ਗੈਰ ਕਾਨੂੰਨੀ ਸ਼ਰਾਬ ਦੇ ਠੇਕੇ ਦਾ ਚਲਦਾ ਕੰਮ ਬੰਦ ਕਰਵਾਇਆ ਗਿਆ ਕਿਉਕਿ ਉਹਨਾਂ ਕੋਲ ਉਸਾਰੀ ਕਰਨ ਦੀ ਕੋਈ ਨਗਰ ਕੌਂਸਲ ਫਿਲੌਰ, ਪੀ ਡਬਲਿਊ ਡੀ ਜਾਂ ਨੈਸ਼ਨਲ ਹਾਈਵੇ ਅਥਾਰਟੀ ਦੀ ਮਨਜ਼ੂਰੀ ਨਹੀਂ ਸੀ, ਇਸ





ਮੌਕੇ ਨਗਰ ਕੌਂਸਲ ਦੇ ਪ੍ਰਧਾਨ ਨਾਲ ਗੱਲ ਕੀਤੀ ਤਾਂ ਉਹਨਾਂ ਨੇ ਵੀ ਪੱਲ੍ਹਾ ਝਾੜ ਦਿੱਤਾ, ਬਾਅਦ ਵਿੱਚ ਬਾਕੀ ਨਗਰ ਕੌਂਸਲ ਫਿਲੌਰ ਦੇ ਅਧਿਕਾਰੀ ਵੀ ਟਾਲ ਮਟੋਲ ਕਰ ਗਏ ਤੇ ਸਥਾਨਕ ਕੌਂਸਲਰ ਨੇ ਵੀ ਕਿਹਾ ਕਿ ਮੈਂ ਕਿਤੇ ਬਾਹਰ ਹਾਂ।

ਇਸ ਮੌਕੇ ਲੋਕ ਇਨਸਾਫ਼ ਮੰਚ ਤਹਿਸੀਲ ਫਿਲੌਰ ਦੇ ਪ੍ਰਧਾਨ ਜਰਨੈਲ ਫਿਲੌਰ, ਸਕੱਤਰ ਪਰਸ਼ੋਤਮ ਫਿਲੌਰ, ਸੀਨੀਅਰ ਮੀਤ ਪ੍ਰਧਾਨ ਹੰਸ ਰਾਜ ਸੰਤੋਖਪੁਰਾ, ਕੈਸ਼ੀਅਰ ਡਾਕਟਰ ਸੰਦੀਪ ਫਿਲੌਰ, ਕੋਰ ਕਮੇਟੀ ਮੈਂਬਰ ਡਾਕਟਰ ਅਸ਼ੋਕ ਕੁਮਾਰ, ਕੁਲਦੀਪ ਲੰਬਰਦਾਰ, ਸਰੂਪ ਕਲੇਰ ਅਤੇ ਮੱਖਣ ਰਾਮ ਸੰਤੋਖਪੁਰਾ ਆਦਿ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਅਗਰ ਠੇਕਾ ਖੋਲ੍ਹਣ ਦਾ ਕੰਮ ਦੁਬਾਰਾ ਸ਼ੁਰੂ ਕੀਤਾ ਤਾਂ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈਕੇ ਅੰਦੋਲਨ ਕੀਤਾ ਜਾਵੇਗਾ ਜਿਸ ਦੀ ਜਿੰਮੇਵਾਰ ਸਥਾਨਕ ਪ੍ਰਸ਼ਾਸ਼ਨ ਦੀ ਹੋਵੇਗੀ।

ਇਸ ਮੌਕੇ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਵਲੋਂ 24 ਘੰਟੇ ਵਿੱਚ ਗ਼ੈਰ ਕਾਨੂੰਨੀ ਸ਼ਰਾਬ ਦਾ ਠੇਕਾ ਚੁਕਵਾਉਣ ਦਾ ਵਾਅਦਾ ਕੀਤਾ।

# ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਵੱਲੋਂ ਮੁਫਤ ਮੈਗਾ ਮੈਡੀਕਲ ਅਤੇ ਫਿਜ਼ਿਓਥਰੈਪੀ ਕੈਂਪ 4 ਮਈ ਨੂੰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ, 27 ਅਪ੍ਰੈਲ (ਤਰਸੇਮ ਦੀਵਾਨਾ )

ਪੱਤਰਕਾਰਾਂ ਦੀ ਪ੍ਰਮੁੱਖ ਜਥੇਬੰਦੀ “ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਜਿ. ਪੰਜਾਬ, ਇੰਡੀਆ” ਵੱਲੋਂ ਪੱਤਰਕਾਰੀ ਪ੍ਰਤੀ ਆਪਣੀ ਫਰਜ਼ਾਂ ਨੂੰ ਨਿਭਾਉਣ ਦੇ ਨਾਲ ਨਾਲ ਸਮਾਜ ਭਲਾਈ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਦੇਸ਼ ਦੀ ਪ੍ਰਮੁੱਖ ਮੈਡੀਕਲ ਚੇਨ “ਫੋਰਟਿਸ ਹਸਪਤਾਲ ਮੋਹਾਲੀ” ਦੇ ਸਹਿਯੋਗ ਨਾਲ “ਮੁਫਤ ਮੈਗਾ ਮੈਡੀਕਲ ਐਂਡ ਫਿਜੀਓਥੈਰਪਿਸਟ ਕੈਂਪ” 4 ਮਈ ਦਿਨ ਐਤਵਾਰ ਨੂੰ ਲਗਾਇਆ ਜਾ ਰਿਹਾ ਹੈ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਸ਼ੇਸ਼ ਪ੍ਰੈਸ ਵਾਰਤਾ ਵਿੱਚ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਦੇ ਸਕੱਤਰ ਜਨਰਲ ਇੰਡੀਆ ਵਿਨੋਦ ਕੌਸ਼ਲ, ਸੂਬਾ ਪ੍ਰਧਾਨ ਪ੍ਰਿੰ. ਬਲਵੀਰ ਸਿੰਘ ਸੈਣੀ,ਵਾਈਸ ਚੇਅਰਮੈਨ ਗੁਰਬਿੰਦਰ ਸਿੰਘ ਪਲਾਹਾ,ਖਜ਼ਾਨਚੀ ਕਮ ਜਨਰਲ ਸਕੱਤਰ ਤਰਸੇਮ ਦੀਵਾਨਾ ਨੇ ਦੱਸਿਆ ਕਿ ਸ਼੍ਰੀ ਵੈਸ਼ਨੋ ਧਾਮ ਮੰਦਰ ਭਰਵਾਈ ਰੋਡ ਨਜ਼ਦੀਕ ਸ਼ਰਮਾ ਲੱਸੀ ਵਾਲਾ ਭਰਵਾਂਈਂ ਰੋਡ ਹੁਸ਼ਿਆਰਪੁਰ ਵਿਖੇ 4 ਮਈ ਨੂੰ ਸਵੇਰੇ 10 ਵਜੇ ਤੋਂ 2 ਵਜੇ ਤੱਕ ਲਗਾਏ ਜਾ ਰਹੇ ਇਸ ਮੈਗਾ ਮੁਫਤ ਮੈਡੀਕਲ ਅਤੇ ਫਿਜੀਓਥੈਰਪਿਸਟ ਕੈਂਪ ਵਿੱਚ ਫੋਰਟਿਸ ਹਸਪਤਾਲ ਮੋਹਾਲੀ ਦੇ ਦਿਲ ਦੇ ਰੋਗਾਂ ਮਾਹਿਰ ਡਾਕਟਰ ਸਿਧਾਂਸੁ ਬੁਧਾਕੋਟੀ ,ਦਿਮਾਗ ਦੇ ਰੋਗਾਂ ਦੇ ਮਾਹਿਰ ਡਾਕਟਰ ਐਚ ਐਸ ਬਰਾੜ, ਪੈਰ ਅਤੇ ਗਿੱਟੇ ਦੇ ਰੋਗਾਂ ਦੇ ਮਾਹਿਰ ਡਾਕਟਰ ਚੰਦਨ ਨਾਰੰਗ, ਦੰਦਾਂ ਦੇ ਡਾਕਟਰ ਭੂਪੇਸ਼ ਮਨੋਚਾ ਵੱਲੋਂ ਦੰਦਾਂ,ਦਿਲ, ਦਿਮਾਗ ਹੱਡੀਆਂ ਰੀੜ ਦੀ ਹੱਡੀ ਦੇ ਰੋਗਾਂ ਸਬੰਧੀ ਮੁਫਤ ਚੈੱਕ ਅਪ ਕੀਤਾ ਜਾਵੇਗਾ ਅਤੇ ਮੁਫਤ ਦਵਾਈ ਵੀ ਦਿੱਤੀ ਜਾਵੇਗੀ ਇਸ ਤੋਂ ਇਲਾਵਾ ਕੈਂਸਰ ਸਕਰੀਨਿੰਗ, ਈਸੀਜੀ, ਬਲੱਡ ਸ਼ੂਗਰ, ਬਲੱਡ ਪ੍ਰੈਸ਼ਰ ਚੈਕ ਅਪ, ਹੱਡੀਆਂ 'ਚ ਕੈਲਸ਼ੀਅਮ ਦੀ ਜਾਂਚ ਵਾਲਾ ਟੈਸਟ ਵੀ ਮੁਫਤ ਕੀਤਾ ਜਾਵੇਗਾ ਤੇ ਦਵਾਈਆਂ ਵੀ ਦਿੱਤੀਆਂ ਜਾਣਗੀਆਂ ਇਸ ਕੈਂਪ ਵਿੱਚ ਡਾਕਟਰ ਦੀਕਸ਼ਾ ਸ਼ਰਮਾ ਅਤੇ ਡਾਕਟਰ ਪ੍ਰੀਆ ਵੱਲੋਂ ਫਿਜੀਓਥੈਰਪਿਸਟ ਦੀਆਂ ਸੇਵਾਵਾਂ ਵੀ ਦਿੱਤੀਆਂ ਜਾਣਗੀਆਂ | ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਇਹਨਾਂ ਮੁਫੱਤ ਡਾਕਟਰੀ ਸੇਵਾਵਾਂ ਦਾ ਲਾਭ ਉਠਾਉਣ ਲਈ ਇਸ ਕੈਂਪ ਵਿੱਚ ਜਰੂਰ ਪਹੁੰਚਣ ਦੀ ਕ੍ਰਿਪਾਲਤਾ ਕਰਨ

# ਪਹਿਲਗਾਮ ਵਿਖੇ ਹੋਇਆ ਅੱਤਵਾਦੀ ਹਮਲਾ ਦੇਸ਼ ਦੇ ਮੱਥੇ ਤੇ ਕਲੰਕ : ਸ਼ੰਮੀ ਜੈਨ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com

ਜ਼ੀਰਾ 27 ਅਪ੍ਰੈਲ ( ਅੰਗਰੇਜ਼ ਬਰਾੜ ) - ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਸੈਲਾਨੀਆਂ ਤੇ ਹੋਇਆ ਅੱਤਵਾਦੀ ਹਮਲਾ ਦੇਸ਼ ਦੇ ਮੱਥੇ ਤੇ ਕਲੰਕ ਹੈ! ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼ੈਲਰ ਐਸੋਸੀਏਸ਼ਨ ਜੀਰਾ ਦੇ ਪ੍ਰਧਾਨ ਸ਼ੰਮੀ ਜੈਨ ਨੇ ਜੀਰਾ ਵਿਖੇ ਪੱਤਰਕਾਰਾਂ ਕੋਲ ਕੀਤਾ। ਉਹਨਾਂ ਇਸ ਅੱਤਵਾਦੀ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿਖੇਦੀ ਕਰਦਿਆਂ ਕਿਹਾ ਕਿ ਇਹ ਘਟਨਾ ਬੇਹੱਦ ਦੁੱਖਦਾਇਕ ਅਤੇ ਨਿੰਦਣਯੋਗ ਹੈ। ਸ਼ੰਮੀ ਜੈਨ ਨੇ ਅੱਗੇ ਕਿਹਾ ਕਿ ਇਸ ਮੰਦਭਾਗੀ ਘਟਨਾ ਨੇ ਪੂਰੇ ਭਾਰਤ ਦੇਸ਼ ਦੇ ਲੋਕਾਂ ਨੂੰ ਝੰਜੋੜ ਦਿੱਤਾ ਹੈ! ਉਹਨਾਂ ਕੇਂਦਰ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਅਜਿਹੀਆਂ ਵਾਪਰ ਰਹੀਆਂ ਘਟਨਾਵਾਂ ਬਾਰੇ ਕੇਂਦਰ ਸਰਕਾਰ ਗੰਭੀਰਤਾ ਨਾਲ ਵਿਚਾਰ ਕਰੇ! ਉਹਨਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਣ ਦੇ ਲਈ ਕੇਂਦਰ ਸਰਕਾਰ ਨੂੰ ਸਖਤ ਹੋਣਾ ਪਵੇਗਾ! ਸ਼ੰਮੀ ਜੈਨ ਨੇ ਅੱਗੇ ਕਿਹਾ ਕਿ ਜੰਮੂ ਕਸ਼ਮੀਰ ਸਟੇਟ ਨੂੰ ਲੰਬੇ ਅਰਸੇ ਬਾਅਦ ਅੱਤਵਾਦ ਦਾ ਪ੍ਰਤਾਪ ਚੱਲਣ ਤੋਂ ਕੁਝ ਰਾਹਤ ਮਿਲੀ ਸੀ ਪਰ ਇਸ ਘਟਨਾ ਨੇ ਫਿਰ ਹਾਲਾਤ ਪਹਿਲਾਂ ਵਾਲੇ ਕਰ ਦਿੱਤੇ ਹਨ! ਉਹਨਾਂ ਕਿਹਾ ਕਿ ਜੰਮੂ ਕਸ਼ਮੀਰ ਦੇ ਹਾਲਾਤ ਸਥਰ ਹੋਣ ਕਾਰਨ ਲੋਕਾਂ ਨੇ ਸੈਰਗਾਹ ਵਜੋਂ ਇਸ ਸਟੇਟ ਨੂੰ ਚੁਣਿਆ ਸੀ ਅਤੇ ਲੋਕ ਪੈਸਾ ਖਰਚ ਕਰਕੇ ਗਰਮੀ ਤੋਂ ਬਚਾ ਲਈ ਜੰਮੂ ਕਸ਼ਮੀਰ ਘੁੰਮਣ ਜਾਂਦੇ ਹਨ ਪਰ ਅਫਸੋਸ ਇਹ ਕਿ ਉਹਨਾਂ ਨੂੰ ਉੱਥੇ ਮੌਤ ਮਿਲਦੀ ਹੈ ਜੋ ਕਿ ਬੇਹੱਦ



ਨਿੰਦਣਯੋਗ ਹੈ! ਉਹਨਾਂ ਕਿਹਾ ਕਿ ਕੇਂਦਰ ਸਰਕਾਰ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦੇਵੇ ਅਤੇ ਪੀੜਤ ਪਰਿਵਾਰਾਂ ਨੂੰ ਮੁਆਵਜਾ ਦੇਵੇ! ਸ਼ਮੀ ਜੈਨ ਨੇ ਪਹਿਲਗਾਮ ਵਿੱਚ ਅੱਤਵਾਦੀ ਹਮਲੇ ਦੌਰਾਨ ਸ਼ਹੀਦ ਹੋਏ ਲੋਕਾਂ ਨੂੰ ਸ਼ਰਧਾਂਜਲੀ ਵੀ ਭੇਂਟ ਕੀਤੀ!

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com

# ਕੈਂਡਲ ਮਾਰਚ-ਇਤਿਹਾਸ-ਕਦੋਂ ਕਿ ਵੇਂ ਬਨਾਮ ਸੰਜੀਦਗੀ ਡਾ ਸੰਦੀਪ ਘੰਡ

ਲੇਖਕ ਡਾ ਸੰਦੀਪ ਘੰਡ
ਲਾਈਫ ਕੋਚ ਮਾਨਸਾ
ਮੋਫ਼9815139576



ਸਾਡੇ ਦੇਸ਼ ਦੇ ਨਾਗਿਰਕਾਂ ਨੂੰ ਅਹਿੰਸਾ ਦੀ ਗੁੜਤੀ ਮਿਲੀ ਹੈ ਅਸੀ ਆਪਣਾ ਦੁੱਖ ਵੀ ਅਹਿੰਸਕ ਤਾਰੀਕੇ ਨਾਲ ਹੀ ਪ੍ਰਗਟ ਕਰਨ ਦੀ ਕੋਸ਼ਿਸ਼ ਕਰਦੇ ਹਾਂ।ਪਰ ਇਸ ਵਿੱਚ ਵੀ ਸਚਾਈ ਹੈ ਕਿ ਸਾਡੇ ਦੁਸ਼ਮਨ ਦੇਸ਼ ਇਸ ਗੱਲ ਨੂੰ ਭਲੀਭਾਤ ਜਾਣਦੇ ਹਨ ਕਿ ਸਾਨੂੰ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਜਿੰਨਾ ਨੇ ਕਿਹਾ ਸੀ ਜੇ ਜੁਲਮ ਕਰਨਾ ਪਾਪ ਹੈ ਤਾਂ ਜੁਲਮ ਸਹਿਣਾ ਉਸ ਤੋਂ ਵੀ ਮਹਾਂ-ਪਾਪ ਹੈ।ਇਸੇ ਕਾਰਣ ਅਸੀ ਵਿੱਛੜ ਗਏ ਸਾਡੇ ਨਾਗਿਰਕਾਂ,ਸ਼ਹੀਦ ਹੋਏ ਸਾਡੇ ਪੈਰਾ ਮਿਲਟਰੀ ਫੋਰਸ ਦੇ ਜਵਾਨਾ ਅਤੇ ਅਧਿਕਾਰੀਆਂ ਨੂੰ ਸ਼ਰਧਾਜਲੀ ਅਹਿੰਸਕ ਤਾਰੀਕੇ ਨਾਲ ਕੈਂਡਲ ਜਗਾ ਕੇ ਸਰਬ ਧਰਮ ਸਰਧਾਜਲੀ ਸਮਾਰੋਹ ਕਰਕੇ ਦਿੰਦੇ ਹਾਂ।ਪਰ ਬਦਲਾ ਲੈਣ ਲਈ 11 ਦੀ ਥਾਂ 31 ਜਾਂ 51 ਹੀ ਮੋੜਦੇ ਹਾਂ।ਮੇਰਾ ਇਸ ਲੇਖ ਲਿਖਣ ਦਾ ਮੰਤਵ ਸੀ ਕਿ ਬਦਲਾ ਸਾਡੀ ਸਰਕਾਰ ਸਾਡੇ ਫੋਜੀ ਜਵਾਨਾ ਨੇ ਲੈਣਾ ਪਰ ਵਿੱਛੜ ਗਏ ਫੋਜੀ ਜਵਾਨਾਂ ਜਾਂ ਆਮ ਨਾਗਿਰਕਾਂ ਨੂੰ ਸੰਜੀਦਗੀ ਨਾਲ ਸਰਧਾਜਲੀ ਦੇਣਾ ਸਾਡਾ ਸਾਰਿਆਂ ਦਾ ਫਰਜ ਹੈ।ਇਸ ਲਈ ਅਸੀ ਜਿਆਦਾਤਰ ਵਿੱਛੜ ਗਿਆਂ ਨੂੰ ਦੋ ਮਿੰਟ ਦਾ ਮੋਨ ਧਾਰਨ ਕਰਕੇ ਆਪਣੀ ਸ਼ਰਧਾ ਦਾ ਇਜਹਾਰ ਕਰਦੇ ਹਾਂ।ਜਾਂ ਪਿੱਛਲੇ ਕੁਝ ਸਮੇਂ ਤੋਂ ਅਸੀ ਮੋਮਬੱਤੀਆਂ ਜਗਾਕੇ ਵੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਾਂ।ਪਰ ਪਤਾ ਨਹੀ ਕਿ ਅਸੀ ਅਣਜਾਣੇ ਵਿੱਚ ਜਾਂ ਆਪਣੇ ਆਪ ਨੂੰ ਅੱਗੇ ਰੱਖਣ ਹਿੱਤ ਉਹ ਸਰਧਾਜਲੀ ਦੇਣ ਸਮੇ ਸੰਜੀਦਗੀ ਨਹੀ ਵਰਤਦੇ ਜਿਸ ਦੀ ਜਰੂਰਤ ਹੈ।

ਪਿੱਛਲੇ ਕੁਝ ਸਮੇਂ ਤੋਂ ਆਪਣਾ ਗੁੱਸਾ ਪ੍ਰਗਟਾਉਣ ਜਾਂ ਕਿਸੇ ਮਰ ਚੁੱਕੇ ਵਿਅਕਤੀ ਜਾਂ ਵਿਅਕਤੀਆਂ ਨੂੰ ਸ਼ਰਧਾਜਲੀ ਦੇਣ ਵੱਜੋਂ ਵੱਖ ਵੱਖ ਸਮਾਜਿਕ ਸੰਸਥਾਵਾਂ ਵੱਲੋਂ ਕੈਂਡਲ ਮਾਰਚ ਕੱਢਿਆ ਜਾ ਰਿਹਾ ਹੈ ਜਿਸ ਵਿੱਚ ਵੱਖ ਵੱਖ ਰਾਜਨੀਤਕ ਪਾਰਟੀਆਂ ਅਤੇ ਵੱਖ ਵੱਖ ਕਾਰੋਬਾਰੀਆਂ ਅਤੇ ਪ੍ਰਸਾਸ਼ਨ ਨੂੰ ਵੀ ਸ਼ਾਮਲ ਕਰ ਲਿਆ ਜਾਂਦਾਂ ਹੈ।ਪਰ ਉਸ ਸਮੇਂ ਅਸੀ ਸੰਜੀਦਗੀ ਦਾ ਪ੍ਰਗਟਾਵਾ ਨਹੀ ਕਰਦੇ ਜਿਸ ਕਾਰਣ ਕਈ ਵਾਰ ਤੁਸੀ ਦੇਖਿਆ ਹੋਣਾ ਕਿ ਲੋਕ ਇੱਕ ਪਾਸੇ ਮੋਮਬੱਤੀਆਂ ਜਗਾਕੇ ਸਰਧਾਜਲੀ ਦੇ ਰਹੇ ਹੁੰਦੇ ਦੂਜੇ ਬੰਨੇ ਕੁਝ ਪ੍ਰਬੰਧਕ ਸਟੈਜ ਤੇ ਬੋਲਣ ਲਈ ਤਰਲੋ ਮੱਛੀ ਹੋ ਰਹੇ ਹੁੰਦੇ ਜਾਂ ਕੁਝ ਲੋਕ ਆਪਣਾ ਵੱਖਰਾ ਗਰੁੱਪ ਬਣਾਕੇ ਹਾਸਾ ਮਾਖੋਲ ਕਰ ਰਹੇ ਹੁੰਦੇ।ਅੱਜਕਲ ਸੋਸ਼ਲ ਮੀਡੀਆ ਅਤੇ ਵੀਡੀਅਗ੍ਰਾਫੀ ਦਾ ਜਮਾਨਾ ਸਬ ਕੁਝ ਕੇਮਰੇ ਵਿੱਚ ਕੈਦ ਹੋ ਜਾਦਾਂ ਅਤੇ ਜੇਕਰ ਉਸ ਨੂੰ ਕੋਈ ਕਿਸੇ ਚੈਨਲ ਤੇ ਪਾ ਦਿੰਦਾ ਤਾਂ ਸਾਡੀ ਕਿਰਕਰੀ ਵੀ ਹੋ ਜਾਦੀ।ਅਸਲ ਵਿੱਚ ਪਹਿਲਾਂ ਲੋਕ ਇੱਕ ਥਾਂ ਤੇ ਇਕੱਠੇ ਹੋਕੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਸਰਧਾਜਲੀ ਦਿੰਦੇ ਸਨ।ਇੱਕ ਵਿਅਕਤੀ ਸ਼ਹੀਦ ਹੋਏ ਜਾਂ ਵਿੱਛੜ ਗਏ ਲੋਕਾਂ ਬਾਰੇ ਲੋਕਾਂ ਨੂੰ ਜਾਣਕਾਰੀ ਦੇ ਦਿੰਦਾਂ ਸੀ। ਪਰ ਅੱਜਕਲ ਤਾਂ ਲੋਕ ਬੋਲਣ ਲਈ ਤਰਲੋਮੱਛੀ ਹੋ ਰਹੇ ਹੁੰਦੇ ਇੱਕ ਟੀਵੀ ਚੈਨਲ ਨੇ ਇਸ ਬਾਰੇ ਕਿਸੇ ਸ਼ਹਿਰ ਦਾ ਦਿਖਾਇਆ ਵੀ।ਉਸ ਤੋਂ ਬਾਅਦ ਜਿੰਨੀਆਂ ਕੁ ਮੋਮਬੱਤੀਆਂ ਹੁੰਦੀਆਂ ਉਹਨਾਂ ਨੂੰ ਲੇਕੇ ਅਸੀ ਮਾਰਚ ਕੱਢਦੇ ਹਾਂ ਜੋ ਅੱਧੇ ਰਾਸਤੇ ਵਿੱਚ ਜਾਂ ਤਾਂ ਖਤਮ ਹੋ ਜਾਦੀ ਜਾਂ ਬੁੱਝ ਜਾਦੀਆਂ। ਅਸਲੀਅਤ ਇਹ ਹੈ ਕੈਡਲ ਮਾਰਚ ਕਿਸੇ ਕਿਸਮ ਦੀ ਜਾਗਰੂਕਤਾ ਬਾਰੇ ਕੱਢਿਆ ਜਾਦਾਂ ਅਤੇ ਵਿੱਛੜ ਗਏ ਜਾਂ ਸਹੀਦ ਹੋਏ ਲੋਕਾਂ ਲਈ ਇੱਕ ਸਾਝੀ ਥਾਂ ਤੇ ਮੋਮਬੱਤੀਆਂ ਜਗਾਈਆਂ ਜਾਦੀਆਂ।ਉਸ ਸਥਾਨ ਤੇ ਸ਼ਹੀਦ ਹੋਏ ਲੋਕਾਂ ਦੀਆਂ ਤਸਵੀਰਾਂ ਦੇ ਬੈਨਰ ਫੋਟੋਆਂ ਹੁੰਦੀਆਂ ਪਰ ਇਥੇ ਤਾਂ ਅਸੀ ਆਪਣੀ ਸੰਸ਼ਥਾ ਦਾ ਬੈਨਰ ਲਗਾਕੇ ਉਸ ਨੂੰ ਹੀ ਠੀਕ ਕਰਦੇ ਰਹਿੰਦੇ ਅਤੇ ਵਾਰ ਵਾਰ ਸਮਾਈਲ ਨਾਲ ਫੋਂਟੋਆਂ ਖਿਚਵਾ ਰਹੇ ਹੁੰਦੇ ਹਾਂ।ਚਲੋ ਜੇ ਕਰ ਉਹ ਕੈਂਡਲ ਮਾਰਚ ਕਿਸੇ ਕਿਸਮ ਦੀ ਜਾਗਰੂਕਤਾ ਲਈ ਕੱਢਿਆ ਜਾ ਰਿਹਾ ਤਾਂ ਚਲੋ ਮੰਨਿਆ ਜਾ ਸਕਦਾ ਕਿ ਉਸ ਵਿੱਚ ਕਈ ਮੋਕੇ ਅਜਿਹੇ ਆ ਜਾਦੇ ਜਿਥੇ ਮਾਹੋਲ ਅਜਿਹਾ ਬਣ ਜਾਦਾਂ ਪਰ ਜਦੋਂ ਕਦੇ ਵੱਡੀ ਗਿਣਤੀ ਵਿੱਚ ਲੋਕਾਂ ਦਾ ਮਾਰੇ ਜਾਣਾ ਪੈਰਾ ਮਿਲਟਰੀ ਫੋਰਸ ਦੇ ਜਾਵਾਨਾ ਦਾ ਸ਼ਹੀਦ ਹੋ ਜਾਣਾ ਤਾਂ ਜਰੂਰ ਉਸ ਸਮੇ ਸਾਨੂੰ ਮਾਹੋਲ ਅਜਿਹਾ ਸਿਰਜਣਾ ਚਾਹੀਦਾ।ਜਿਵੇ ਕਿਹਾ ਜਾਦਾਂ ਕਿ ਜੇਕਰ ਅਸੀ ਆਪਣਾ ਚਿਹਰਾ ਗੁੱਸੇ ਵਿੱਚ ਲਾਲ ਦਿਖਾਉਣਾ ਚਾਹੁੰਦੇ ਹੋ ਜੇ ਨਹੀ ਤਾਂ ਆਪਣੇ ਚਪੇੜਾ ਮਾਰ ਕੇ ਲਾਲ ਕਰ ਲੈਣਾ ਚਾਹੀਦਾ ਹੈ।ਇਸ ਸਬੰਧੀ ਅਸੀ ਕਿਸੇ ਦੀ ਨਿੰਦਿਆ ਨਹੀ ਕਰ ਰਹੇ ਜਾਂ ਕੋਈ ਸਜਾ ਨਹੀ ਦੇਣਾ ਚਾਹੁੰਦੇ ਇਸ ਤੋਂ ਪਹਿਲਾਂ ਕਿ ਲੋਕ ਕਿੰਤੂ ਪ੍ਰੰਤੂ ਕਰਨ ਸਾਨੂੰ ਸੰਜੀਦਾ ਹੋਣ ਦੀ ਜਰੂਰਤ ਹੈ।



ਅਸਲੀਅਤ ਇਹ ਹੈ ਕਿ ਇਹ ਪੱਛਮੀ ਦੇਸ਼ਾਂ ਦੀ ਉਪਜ ਹੈ।ਉਹ ਲੋਕ ਕੇਵਲ ਅਫਸੋਸ ਵੱਜੋਂ ਹੀ ਮੋਮਬਤੀਆਂ ਨਹੀ ਜਲਾਉਦੇ ਸਗੋਂ ਖੁਸ਼ੀ ਦੇ ਮੋਕੇ ਤੇ ਵੀ ਜਿਵੇ ਕ੍ਰਿਸਮਿਸ ਜਾਂ ਕੈਂਡਲ ਡਿਨਰ ਆਦਿ।ਕੈਡਲ ਮਾਰਚ ਅਹਿੰਸਾ ਦਾ ਮਾਰਗ ਨਾ ਚੁਣਨਾ ਹੈ ਭਾਵ ਨਾਗਿਰਕ ਮਰੇ ਜਾਂ ਸ਼ਹੀਦ ਹੋਏ ਲੋਕਾਂ ਲਈ ਗੁੱਸਾ ਵੀ ਜਾਹਰ ਕਰਦੇ ਪਰ ਅਹਿਸੰਕ ਤਾਰੀਕੇ ਨਾਲ ਪਰ ਅੱਜਕਲ ਤਾਂ ਜਿੰਦਾਬਾਦ ਮੁਰਦਾਬਾਦ ਦੇ ਨਾਹਰੇ ਲਾਕੇ ਗੁੱਸਾ ਪ੍ਰਗਟ ਕੀਤਾ ਜਾਦਾਂ।ਇਹ ਸਰਧਾਜਲੀ ਸਮਾਰੋਹ ਜਿਥੇ ਸਾਝੀ ਥਾਂ ਤੇ ਲੋਕ ਵਾਰੀ ਸਿਰ ਆਉਦੇ ਆਪਣੀ ਮੋਮਬੱਤੀ ਜਗਾਉਦੇ ਸ਼ਰਧਾ ਦੇ ਫੁੱਲ ਭੇਟ ਕਰਦੇ ਦੋ ਮਿੰਟ ਬੈਠ ਕੇ ਜਾਂ ਖੜਕੇ ਉਹਨਾਂ ਨੂੰ ਸਰਧਾਜਲੀ ਦਿੰਦੇ ਅਤੇ ਇਹ ਪ੍ਰੋਗਰਾਮ ਵੀ ਉਹਨਾਂ ਦੇ ਸੰਸਕਾਰ ਤੋਂ ਬਾਅਦ ਕੀਤਾ ਜਾਦਾਂ।ਪਰ ਸਮਾਜਿਕ ਸੰਸ਼ਥਾਵਾਂ ਨੂੰ ਨਾਮ ਦੀ ਕਾਹਲੀ ਕਿ ਕਿਤੇ ਹੋਰ ਨਾ ਕੱਢ ਜਾਵੇ ਅਜੇ ਸੰਸਕਾਰ ਵੀ ਨਹੀ ਹੋਇਆ ਉਦੋਂ ਪਹਿਲਾਂ ਹੀ ਭੋਗ ਪਾ ਦਿੰਦੇ ਹਨ।ਇਸ ਬਾਰੇ ਪੂਰਨ ਜਾਣਕਾਰੀ ਹੋਣੀ ਚਾਹੀਦੀ ਹੈ।

ਸਾਨੂੰ ਇਸ ਦੇ ਇਤਿਹਾਸ ਬਾਰੇ ਵੀ ਜਾਣਕਾਰੀ ਜਰੂਰ ਹੋਣੀ ਚਾਹੀਦੀ ਹੈ ਅਸਲ ਵਿੱਚ ਇਹ ਪੱਛਮੀ ਦੇਸ਼ਾ ਦੀ ਰੀਸ ਹੈ।ਓਬ ਤੋਂ ਪਹਿਲਾ ਕੋਰੀਆ,ਫੇਰ ਅਮਰੀਕਾ,ਜਪਾਨ ਆਦਿ ਦੇਸ਼ਾ ਵਿੱਚ ਇਸ ਦੀ ਸ਼ੁਰੂਆਤ ਹੋਈ।ਸਾਉਥ ਕੋਰੀਆ ਵਿੱਚ ਤਾਂ ਇਹ ਕੈਡਲ ਜਗਾਉਣ ਦੀ ਲਹਿਰ ਨਵੰਬਰ 2016 ਤੋਂ ਮਾਰਚ 2017 ਤੱਕ ਚਲੀ।ਜਿਵੇ ਸਾਡੇ ਦੇਸ਼ ਵਿੱਚ ਨਿਰਭਆ ਕਾਂਡ ਸਮੇਂ ਲੋਕਾਂ ਵੱਲੋਂ ਆਪਣੇ ਪੱਧਰ ਤੇ ਲਹਿਰ ਚਲਾਈ ਗਈ ਉਸੇ ਤਰਾਂ ਇਹ ਕੋਰੀਆ ਦੀ ਵੀ ਲਹਿਰ ਵੀ ਨਾਗਿਰਕਾ ਵੱਲੋਂ ਆਪਣੇ ਪੱਧਰ ਤੇ ਸ਼ੁਰੂ ਕੀਤੀ ਗਈ। ਮੀਡੀਆ ਦੀ ਰਿਪੋਰਟਾਂ ਉਸ ਸਮੇ ਕੇਵਲ ਅਖਬਾਰ ਹੀ ਸਨ ਅਖ਼ਬਾਰਾਂ ਨੇ ਕਿਹਾ ਕਿ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਇਸ ਲਹਿਰ ਵਿੱਚ ਲਗਭਗ 17 ਮਿਲੀਅਨ ਨਾਗਰਿਕਾਂ ਨੇ ਹਿੱਸਾ ਲਿਆ।

ਭਾਰਤ ਦੇਸ਼ ਵਿੱਚ ਇਸ ਦੀ ਸ਼ੁਰੂਆਤ ਬਾਰੇ ਜੋ ਸਬੂਤ ਮਿਲਦੇ ਹਨ ਉਹ ਹੈ ਕਿ 1960-65 ਦੇ ਦਾਹਕੇ ਵਿੱਚ ਜਨਮੇ ਲੋਕਾਂ ਨੂੰ ਯਾਦ ਹੋਵੇਗਾ ਕਿ 1982 ਦਿੱਲੀ ਵਿੱਚ ਦੋ ਮਾਸੂਮ ਬੱਚਿਆਂ (ਭੈਣ-ਭਰਾ)ਨੂੰ ਦੋ ਟੈਕਸੀ ਚਾਲਕਾਂ ( ਰੰਗਾ ਅਤੇ ਬਿੱਲਾ) ਨੇ ਅਗਵਾ ਕਰਕੇ ਬੱਚੀ ਨਾਲ ਬਲਾਤਕਾਰ ਕੀਤਾ ਅਤੇ ਦੋਹੇ ਭੈਣ ਭਰਾਵਾਂ ਨੂੰ ਮਾਰ ਦਿੱਤਾ ਸੀ ਅਤੇ ਲਾਸ਼ਾ ਵੀ ਖੁਰਦ ਬੁਰਦ ਕਰ ਦਿੱਤੀਆਂ ਉਸ ਵਕਤ ਲੋਕਾਂ ਦਾ ਗੁੱਸਾ ਬਹੁਤ ਭੜਿਕਆ ਸੀ ਉਸ ਵਿੱਚ ਸ਼ਾਮਲ ਦੋਨੋ ਦੋਸ਼ੀਆਂ ਨੂੰ ਫਾਸੀ ਦੀ ਸਜਾਂ ਹੋਈ ਸੀ। ਜਿਸ ਦਿਨ ਉਹਨਾਂ ਨੂੰ ਫਾਸੀ ਹੋਈ ਲੋਕਾਂ ਨੇ ਇੰਨਸਾਫ ਮਿਲਣ ਦੇ ਪ੍ਰਤੀਕ ਵੱਜੋਂ ਦਿੱਲੀ ਵਿੱਚ ਇੱਕ ਸਾਝੇ ਥਾਂ ਤੇ ਦੋਨੋ ਬੱਚਿਆਂ ਦੀਆਂ ਤਸਵੀਰਾਂ ਰੱਖ ਕੇ ਮੋਮਬੱਤੀਆਂ ਜਗਾਈਆਂ ਗਈਆਂ ਅਤੇ ਉਹਨਾਂ ਨੂੰ ਸਰਬ ਧਰਮ ਪ੍ਰਧਾਨਾ ਵੱਜੋਂ ਸਰਧਾਜਲੀ ਦਿੱਤੀ ਗਈ ਸੀ।ਅਸਲ ਵਿੱਚ ਇਸ ਦਾ ਮਕਸਦ ਵੀ ਸਰਧਾਜਲੀ ਵੱਜੋਂ ਸਾਰੇ ਧਰਮਾਂ ਦੇ ਲੋਕ ਸ਼ਾਮਲ ਹੁੰਦੇ ਹਨ ਅਤੇ ਇਸ ਨੂੰ ਸਾਰੇ ਧਰਮਾਂ ਦਾ ਸਾਝਾ ਸਰਧਾਜਲੀ ਸਮਾਗਮ ਮੰਨਿਆ ਜਾਦਾਂ।ਉਸ ਤੋ ਬਾਅਦ ਨਿਰਭਆ ਕੇਸ ਵਿੱਚ ਵੀ ਇਸ ਤਰਾਂ ਹੋਇਆ।ਇਹ ਨਹੀ ਕਿ ਇਹ ਕੋਈ ਚੰਗੀ ਰਸਮ ਨਹੀ ਬਲਕਿ ਸਾਰੇ ਧਰਮਾਂ ਵੱਲੋਂ ਸਾਝੇ ਤੋਰ ਤੇ ਸਰਧਾਜਲੀ ਦਿੱਤੀ ਜਾ ਸਕਦੀ ਹੈ ਹੁਣ ਵੀ ਜੇਕਰ ਸਾਰੇ ਲੋਕ ਜੋ ਮਾਰੇ ਗਏ/ਸ਼ਹੀਦ ਹੋਏ ਉਹਨਾਂ ਸਾਰਿਆਂ ਦੀਆਂ ਫੋਟੋਆ ਲਗਾਕੇ ਸਾਝੇ ਤੋਰ ਤੇ ਸਰਧਾਜਲੀ ਦਿੱਤੀ ਜਾਵੇ ਜਿਸ ਵਿੱਚ ਉਸ ਗਾਈਡ ਦੀ ਫੋਟੋ ਵੀ ਸ਼ਾਮਲ ਕੀਤੀ ਜਾਵੇ ਜਿਸ ਨੇ ਜਿੰਨਾ ਦਾ ਉਹ ਗਾਈਡ ਸੀ ਉਨਾਂ ਨੂੰ ਬਚਾਉਣ ਲਈ ਆਪਣੀ ਕੁਰਬਾਣੀ ਦਿੱਤੀ।ਇਹ ਕੋਈ ਹਾਉਮੇ ਅਹੰਕਾਰ ਜਾਂ ਨਾਂ ਹੀ ਕੋਈ ਜਿਆਦਾ ਸਿਆਣਾ ਬਨਣ ਦੀ ਗੱਲ ਹੈ ਪਰ ਜੇਕਰ ਅਸੀ ਅੱਜ ਤੋਂ ਸੰਜੀਦਾ ਤੋਰ ਤੇ ਇੱਕ ਅਜਿਹੀ ਪਿਰਤ ਪਾਈਏ ਜਿਸ ਨਾਲ ਵਿਛੜੇ ਲੋਕਾਂ ਨੂੰ ਸਰਧਾਜਲੀ ਵੀ ਦਿੱਤੀ ਜਾਵੇਗੀ ਅਤੇ ਭਾਈਚਾਰਕ ਸਾਝ ਵੀ ਮਜਬੂਤ ਹੋਵੇਗੀ।ਮੇਰੇ ਲਈ ਇਸ ਬਾਰੇ ਲਿਖਣਾ ਕੋਈ ਅਸਾਨ ਨਹੀ ਸੀ ਕਿਉਕਿ ਮੁੱਫਤ ਦੀ ਸਲਾਹ ਦੇਣੀ ਜਾਂ ਕੋਈ ਜਾਣਕਾਰੀ ਸਾਝੀ ਕਰਨੀ ਆਪਣੇ ਆਪ ਵਿੱਚ ਬਹੁਤ ਵੱਡੀ ਚਣੋਤੀ ਹੈ।ਹੁਣ ਜੋ ਲੋਕ ਕਿਸੇ ਨਾ ਕਿਸੇ ਰੂਪ ਵਿੱਚ ਇਸ ਨਾਲ ਜੁੜੇ ਹੋਣਗੇ ਉਹ ਕਿੰਤੂ ਪ੍ਰੰਤੂ ਕਰ ਸਕਦੇ ਹਨ।ਪਰ ਕੋਈ ਵੀ ਵਿਅਕਤੀ ਪ੍ਰਪੱਕ ਨਹੀ ਹੁੰਦਾਂ ਹੋ ਸਕਦਾ ਮੈ ਵੀ ਅਜੇ ਪੂਰਨ ਜਾਣਕਾਰੀ ਨਾ ਦੇ ਸਕਿਆਂ ਹੋਵਾਂ ਉਸ ਦਾ ਕਾਰਣ ਹੈ ਕਿ ਮੀਡੀਆ ਵੱਲੋਂ ਦਿੱਤਾ ਜਾਣ ਵਾਲਾ ਸਪੇਸ ਜਾਂ ਜਾਣਕਾਰੀ ਦਾ ਘੱਟ ਹੋਣਾ ਹੈ ਪਰ ਜੇਕਰ ਇਸ ਗੱਲ ਨਾਲ ਸਾਰੇ ਸਹਿਮਤ ਹੋਣਗੇ ਕਿ ਅਜਿਹੇ ਸਮਾਰੋਹ ਜਾਂ ਘਟਨਾਚੂਕ ਵਿੱਚ ਸੰਜੀਦਗੀ ਦਾ ਹੋਣਾ ਅਤਿ ਜਰੂਰੀ ਹੈ।

# *ਕੱਚੇ ਅਧਿਆਪਕਾਂ ਤੋਂ 2364 ਭਰਤੀ ਵਿੱਚ ਚੁਣੇ ਗਏ ਅਧਿਆਪਕਾਂ ਤੋਂ ਇੱਕ ਮਹੀਨੇ ਦੀ ਤਨਖਾਹ ਵਾਪਿਸ ਕਰਵਾਉਣ ਦਾ ਡਟਵਾਂ ਵਿਰੋਧ*

## *ਕੱਚੇ ਅਧਿਆਪਕਾਂ ਦਾ ਸਾਲਾਨਾ ਤਰੱਕੀ 01 ਜੁਲਾਈ ਤੋਂ ਹੀ ਲੱਗਾਈ ਜਾਵੇ-ਡੀ ਟੀ ਐਫ਼*

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com





ਮਾਨਸਾ, 27 ਅਪ੍ਰੈਲ ( ਆਤਮਾ ਸਿੰਘ ਪਮਾਰ )ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਕੱਚੇ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵੱਲੋਂ ਹੀ ਕੱਢੀਆਂ ਗਈਆਂ ਨਵੀਆਂ ਅਸਾਮੀਆਂ 2364 ਵਿੱਚ ਸਿਲੈਕਟ ਹੋਣ ਤੇ ਓਧਰ ਹਾਜ਼ਰ ਹੋਣ ਤੋਂ ਪਹਿਲਾਂ ਇੱਕ ਮਹੀਨੇ ਦੀ ਤਨਖਾਹ ਜ਼ਮਾਂ ਕਰਵਾਉਣ ਦਾ ਤੁਗਲਕੀ ਫੁਰਮਾਨ ਚਾੜਿਆ ਜਾ ਰਿਹਾ ਹੈ||ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਅਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਡੀ ਟੀ ਐਫ਼ ਜਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਅਤੇ ਹਰਜਿੰਦਰ ਅਨੂਪਗੜ੍ਹ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੱਖਿਆ ਵਿਭਾਗ ਦੇ 09-09-2017 ਦੇ ਪੱਤਰ ਅਨੁਸਾਰ ਐੱਸ ਐੱਸ ਏ, ਰਮਸਾ ਅਧਿਆਪਕਾਂ ਨੂੰ ਵੀ ਇਸ ਤਰਾਂ ਦੀ ਸਥਿਤੀ ਵਿੱਚ ਇੱਕ ਮਹੀਨੇ ਦਾ ਨੋਟਿਸ ਦੇਣ ਜਾਂ ਇੱਕ ਮਹੀਨੇ ਦੀ ਤਨਖਾਹ ਜ਼ਮਾਂ ਕਰਵਾਉਣ ਤੋਂ ਛੋਟ ਦਿੱਤੀ ਸੀ|ਡੀ ਟੀ ਐਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉਭਾ, ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਕਿਹਾ ਕਿ ਅੱਜਕਲ੍ਹ ਸਿੱਖਿਆ ਵਿਭਾਗ ਵਿੱਚ ਭਰਤੀਆਂ ਦਾ ਇਹ ਹਾਲ ਹੈ ਕਿ ਵਿਭਾਗ ਦੀ ਨਲਾਇਕੀ ਕਾਰਨ ਪਤਾ ਨਹੀਂ ਕਿਸ ਵੇਲੇ ਸਟੇਅ ਹੋ ਜਾਵੇ ਇਸੇ ਗੱਲ ਤੋਂ ਡਰਦੇ ਕੱਚੇ ਅਧਿਆਪਕਾਂ ਨੇ ਆਪਣੀ ਪਿਛਲੀ ਨੌਕਰੀ ਛੱਡਣ ਦਾ ਨੋਟਿਸ ਨਹੀਂ ਦਿੱਤਾ|ਜਿਸ ਕਾਰਨ ਇਹ ਸਥਿਤੀ ਪੈਦਾ ਹੋ ਗਈ ਹੈ। ਉਹਨਾਂ ਮੰਗ ਕੀਤੀ ਕਿ 09-09-2017 ਦੇ ਪੱਤਰ ਦੀ ਤਰਜ਼ ਤੇ ਕੱਚੇ ਅਧਿਆਪਕਾਂ ਨੂੰ ਵੀ ਇੱਕ ਮਹੀਨੇ ਦੀ ਤਨਖਾਹ ਜਮਾਂ ਕਰਵਾਉਣ ਤੋਂ ਛੋਟ ਦਿੱਤੀ ਜਾਵੇ|ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜ੍ਹਾਵਾਲ, ਹਰਫੂਲ ਸਿੰਘ, ਰਾਜਿੰਦਰ ਪਾਲ ਸਿੰਘ ਨੇ ਮੰਗ ਕੀਤੀ ਕਿ ਕੱਚੇ ਅਧਿਆਪਕਾਂ ਦਾ ਸਾਲਾਨਾ ਇਨਕਰੀਮੈਂਟ ਵੀ ਇੱਕ ਜੁਲਾਈ ਤੋਂ ਹੀ ਲਗਾਇਆ ਜਾਵੇ|ਇਸ ਮੌਕੇ ਨਵੀਨ ਬੋਹਾ, ਦਮਨਜੀਤ ਸਿੰਘ,ਅਮਰੀਕ ਬੋਹਾ,ਰਾਜ ਸਿੰਘ,ਨਵਜੋਸ਼ ਸਪੋਲੀਆ,ਸੰਦੀਪ ਧਰਮਪੁਰਾ,ਗੁਰਦੀਪ ਬਰਨਾਲਾ , ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ,ਬਲਕਾਰ ਸਿੰਘ, ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਜਗਦੇਵ ਸਿੰਘ, ਮੱਘਰ ਸਿੰਘ, ਜਗਪਾਲ ਸਿੰਘ, ਅਰਵਿੰਦਰ ਸਿੰਘ, ਕੁਲਵਿੰਦਰ ਜੋਗਾ, ਅਮਨਦੀਪ ਕੌਰ, ਬੇਅੰਤ ਕੌਰ, ਖੁਸ਼ਵਿੰਦਰ ਕੌਰ , ਅਮਰਪ੍ਰੀਤ ਕੌਰ,ਨਿਰਲੇਪ ਕੌਰ,ਮਨਵੀਰ ਕੌਰ, ਗੁਰਜੀਤ ਮਾਨਸਾ,ਅਮਰਜੀਤ ਸਿੰਘ,ਸੁਖਵਿੰਦਰ ਗਾਮੀਵਾਲਾ, ਜਸਵਿੰਦਰ ਕਾਮਰੇਡ, ਰੋਹਿਤ ਬੁਰਜ ਹਰੀ, ਹਰਵਿੰਦਰ ਸਮਾਓ, ਮਨਦੀਪ ਕੁਮਾਰ ਆਦਿ ਅਧਿਆਪਕ ਆਗੂ ਹਾਜ਼ਰ ਸਨ ।

# ਪਾਕਿਸਤਾਨ ਦੇ ਆਤੰਕੀ ਮਨਸੂਬਿਆਂ ਨੂੰ ਭਾਰਤ ਕਦੇ ਵੀ ਕਾਮਯਾਬ ਨਹੀਂ ਹੋਣ ਦੇਵੇਗਾ, ਐਡਵੋਕੇਟ ਗੌਰਵ ਗੋਇਲ

## ਪਹਿਲਗਾਮ ਵਿਚ ਮਾਰੇ ਗਏ ਨਿਰਦੋਸ਼ ਲੋਕਾਂ ਦਾ ਬਦਲਾ ਲਿਆ ਜਾਵੇਗਾ, ਪ੍ਰਿੰਸ ਗਰਗ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com




ਲਹਿਰਾਗਾਗਾ ( ਅਸ਼ੋਕ ਮਸਤੀ/ਬੇਅੰਤ ਸਿੰਘ ਰੋਹਟੀ ਖਾਸ) ਪਿਛਲੇ ਦਿਨੀਂ ਪਾਕਿਸਤਾਨ ਦੀ ਸ਼ਹਿ ਤੇ ਅੱਤਵਾਦੀਆਂ ਵਲੋਂ ਪਹਿਲਗਾਮ ਵਿਖੇ ਹਮਲਾ ਕੀਤਾ ਗਿਆ ਇਸ ਕਾਤਿਲਾਨਾ ਹਮਲੇ ਵਿਚ ਕਰੀਬ 27 ਸੈਲਾਨੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਇਸ ਕਾਤਿਲਾਨਾ ਹਮਲੇ ਵਿਚ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਅੱਜ ਕੈਂਡਲ ਮਾਰਚ ਕੱਢਿਆ ਗਿਆ ਇਸ ਮੌਕੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਦੇ ਸਪੁੱਤਰ ਐਡਵੋਕੇਟ ਗੋਰਵ ਗੋਇਲ ਨੇ ਪਹਿਲਗਾਮ ਵਿਚ ਹੋਏ ਆਤੰਕੀ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਿਆਂ ਕਰਦਿਆਂ ਕਿਹਾ ਕਿ ਪਾਕਿਸਤਾਨ ਦੇ ਆਤੰਕੀ ਮਨਸੂਬਿਆਂ ਨੂੰ ਭਾਰਤ ਕਦੇ ਵੀ ਪੂਰਾ ਨਹੀਂ ਹੋਣ ਦੇਵੇਗਾ ਪਾਕਿਸਤਾਨ ਨੇ ਹਮੇਸ਼ਾ ਭਾਰਤ ਦੀ ਪਿੱਠ ਪਿੱਛੇ ਛੂਰਾ ਮਾਰਿਆ ਹੈ ਪਾਕਿਸਤਾਨ ਵਿੱਚ ਐਨੀ ਹਿੰਮਤ ਨਹੀਂ ਕਿ ਉਹ ਭਾਰਤ ਨਾਲ ਸਿੱਧੀ ਟੱਕਰ ਲਾਵੇਂ ਪਹਿਲਗਾਮ ਵਿਚ ਮਾਰੇ ਗਏ ਨਿਰਦੋਸ਼ ਲੋਕਾਂ ਦਾ ਬਦਲਾ ਬਹੁਤ ਛੇਤੀ ਲਿਆ ਜਾਵੇਗਾ ਇਸ ਰੋਸ਼ ਪ੍ਰਦਰਸਨ ਵਿੱਚ ਸ਼ਾਮਲ ਸਮਾਜ ਸੇਵੀ ਪ੍ਰਿੰਸ ਗਰਗ ਨੇ ਪਾਕਿਸਤਾਨ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਉਸ ਵਿੱਚ ਦਮ ਹੈ ਤਾਂ ਉਹ ਖੁੱਲ੍ਹ ਕੇ ਜੰਗ ਦੇ ਮੈਦਾਨ ਵਿੱਚ ਆਵੇ ਫੇਰ ਪਤਾ ਲੱਗ ਜਾਵੇਗਾ ਕਿ ਭਾਰਤ ਦੀ ਸ਼ਕਤੀ ਕੀ ਹੈ ਐਵੇਂ ਲੁਕਣਮੀਚੀ ਦੀ ਖੇਡ ਖੇਡਣ ਦੀ ਕੋਈ ਲੋੜ ਨਹੀਂ ਐਡਵੋਕੇਟ ਗੌਰਵ ਗੋਇਲ ਅਤੇ ਸਮਾਜ ਸੇਵੀ ਪ੍ਰਿੰਸ ਗਰਗ ਨੇ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਕਿ ਪਹਿਲਗਾਮ ਵਿਚ ਆਤੰਕੀ ਹਮਲੇ ਕਰਨ ਵਾਲੇ ਅੱਤਵਾਦੀਆਂ ਨੂੰ ਲੱਭ ਕੇ ਫਾਂਸੀ ਦੀ ਸਜ਼ਾ ਦਿੱਤੀ ਜਾਵੇ ਪਾਕਿਸਤਾਨ ਦੀ ਇਸ ਘਿਣਾਉਣੀ ਹਰਕਤ ਦਾ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ ਇਸ ਕੈਂਡਲ ਮਾਰਚ ਵਿੱਚ ਸ਼ਹਿਰ ਦੀਆਂ ਵੱਖ ਵੱਖ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨੇ ਹਿੱਸਾ ਲਿਆ

# ਫਾਜ਼ਿਲਕਾ ਪੁਲਿਸ ਨੇ 24 ਘੰਟਿਆਂ ਦੇ ਅੰਦਰ ਸੁਲਝਾਈ ਪੰਜਵਾਂ ਕਤਲ ਕਾਂਡ ਦੀ ਗੁੱਥੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com



ਫਾਜ਼ਿਲਕਾ: ਫਾਜ਼ਿਲਕਾ ਪੁਲਿਸ ਨੂੰ ਵੱਡੀ ਸਫਲਤਾ ਮਿਲੀ ਹੈ। ਪੁਲਿਸ ਨੇ 24 ਘੰਟਿਆਂ ਵਿੱਚ 5 ਵਾਂ ਕਤਲ ਕਾਂਡ ਦੀ ਗੁੱਥੀ ਸੁਲਝਾਈ ਹੈ। ਪੁਲਿਸ ਅਧਿਕਾਰੀ ਵਰਿੰਦਰ ਸਿੰਘ ਬਰਾੜ ਐਸ.ਐਸ.ਪੀ ਫਾਜਿਲਕਾ ਦੀ ਅਗਵਾਈ ਹੇਠ ਮੁਖਤਿਆਰ ਰਾਏ, ਐਸ.ਪੀ. ਇੰਨਵੈਸਟੀਗੇਸ਼ਨ ਫਾਜਿਲਕਾ ਅਤੇ ਡੀ.ਐਸ. ਪੀ. ਸਬ ਡਵੀਜਨ ਅਬੋਹਰ ਦੀ ਨਿਗਰਾਨੀ ਹੇਠ ਇੰਸਪੈਕਟਰ ਪਰਮਜੀਤ ਕੁਮਾਰ ਮੁੱਖ ਅਫਸਰ ਥਾਣਾ ਖੁਈਆਂ ਸਰਵਰ ਅਤੇ ਇੰਸਪੈਕਟਰ ਸੁਨੀਲ ਕੁਮਾਰ ਇੰਚਾਰਜ ਸੀ.ਆਈ.ਏ-2 ਫਾਜਿਲਕਾ ਦੀਆਂ ਟੀਮਾਂ ਵੱਲੋਂ ਅਬੋਹਰ ਦੇ ਪਿੰਡ ਪੰਜਾਵਾ ਵਿਖੇ ਹੋਏ ਇੱਕ ਨੌਜਵਾਨ ਦੇ ਕਤਲ ਦੇ ਕੇਸ ਨੂੰ 24 ਘੰਟੇ ਦੇ ਅੰਦਰ ਅੰਦਰ ਸੁਲਝਾਉਣ ਵਿੱਚ ਕਾਮਯਾਬੀ ਹਾਸਲ ਕੀਤੀ ਹੈ।

ਮਿਤੀ 26.04.25 ਨੂੰ ਜੋਰਾ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਪੰਜਾਵਾ ਮਾਡਲ ਨੇ ਮੁੱਖ ਅਫਸਰ ਥਾਣਾ ਖੂਈਆਂ ਸਰਵਰ ਪਾਸ ਆਪਣਾ ਬਿਆਨ ਲਿਖਾਇਆ ਕਿ ਉਸਦਾ ਛੋਟਾ ਭਰਾ ਕਾਲੂ ਉਰਫ ਗੁਰਪ੍ਰੀਤ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਪੰਜਾਵਾ ਮਾਡਲ ਉਮਰ ਕਰੀਬ 28 ਸਾਲ, ਜੋ ਜਗਮੀਤ ਸਿੰਘ ਪੁੱਤਰ ਹਾਕਮ ਸਿੰਘ ਵਾਸੀ ਅਭੁੱਨ ਫਾਜਿਲਕਾ ਨਾਲ ਉਸ ਦੀ ਕੰਬਾਇਨ ਪਰ ਡਰਾਇਵਰ ਲੱਗਾ ਸੀ ਤੇ ਕਣਕ ਦੀ ਵਢਾਈ ਫਾਜਿਲਕਾ ਦੇ ਨੇੜੇ ਕਰਦੇ ਸਮੇ ਇਹਨਾਂ ਮਾਲਕਾਂ ਪਾਸ ਹੀ ਰਹਿੰਦਾ ਸੀ। ਜੋ ਹੁਣ ਉਸੇ ਹੀ ਮਾਲਕ ਦੀ ਤੂੜੀ ਵਾਲੀ ਮਸ਼ੀਨ ਪਰ ਡਰਾਇਵਰ ਲੱਗ ਗਿਆ ਸੀ। ਦੋ ਦਿਨ ਪਹਿਲਾ ਤੁੜੀ ਬਣਾਉਣ ਵਾਲੀ ਹੋਰ ਮਸ਼ੀਨ ਤੇ ਪਰ ਕੰਮ ਕਰਦੇ ਸਾਥੀ ਸੁਰਜੀਤ ਸਿੰਘ ਪੁਤਰ ਗੁਰਚਰਨ ਸਿੰਘ ਵਾਸੀ ਜੌੜਕੀ ਕੰਕਰ ਫਾਜਿਲਕਾ ਅਤੇ ਪਵਨਦੀਪ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਟਾਹਲੀਵਾਲਾ ਬੋਦਲਾ ਅਤੇ ਮਸ਼ੀਨ ਦੇ ਮਾਲਕ ਜਗਮੀਤ ਸਿੰਘ ਨਾਲ ਉਹਨਾਂ ਦੇ ਪਿੰਡ ਪੰਜਾਵਾ ਆ ਗਏ ਤੇ ਦਿਨ ਸਮੇ ਕੰਮ ਕਰਨ ਤੋ ਬਾਅਦ ਮਸ਼ੀਨ ਸਮੇਤ ਦੋਨੇ ਟਰੈਕਟਰ ਪੰਜਾਵਾ ਕਿਸਾਨ ਸੇਵਾ ਕੇਂਦਰ ਪੈਟ੍ਰੋਲ ਪੰਪ ਤਤਵਾਲਾ ਲਿੰਕ ਰੋਡ ਪਰ ਰੋਕ ਦਿੰਦੇ ਸਨ ਤੇ ਇਹ ਸਾਰੇ ਜਣੇ ਉਥੇ ਹੀ ਸੌਂ ਜਾਦੇ ਸਨ । ਮਿਤੀ 25-04-2025 ਨੂੰ ਦੇਰ ਰਾਤ ਮੁਦਈ ਅਤੇ ਉਸਦਾ ਭਰਾ ਰੋਟੀ ਖਾ ਕੇ ਪੈਟਰੋਲ ਪੰਪ ਪਰ ਆਏ ਤਾ ਜਿਥੇ ਇਸਦਾ ਸਾਥੀ ਸੁਰਜੀਤ ਸਿੰਘ ਉਕਤ ਅਤੇ ਦੋ ਤਿੰਨ ਹੋਰ ਵਿਅਕਤੀ ਪੰਪ ਪਰ ਮੌਜੂਦ ਸਨ ਤੇ ਉਹ ਇਹਨਾ ਨੂੰ ਪੰਪ ਪਰ ਹੀ ਛੱਡ ਕੇ ਘਰ ਨੂੰ ਚਲਾ ਗਿਆ ਸੀ ਤਾ ਅੱਜ ਸੁਬਾ ਮਿਤੀ 26.4.2025 ਨੂੰ ਜਦ ਉਸਦਾ ਭਾਈ ਗੁਰਪ੍ਰੀਤ ਸਿੰਘ ਘਰ ਨਹੀ ਆਇਆ ਤਾ ਉਸਨੇ ਪਰਿਵਾਰ ਸਮੇਤ ਤਲਾਸ ਲਈ ਪੈਟਰੋਲ ਪੰਪ ਪਰ ਆਏ ਤਾ ਮੈ ਦੇਖਿਆਂ ਤਾ ਗੁਰਪ੍ਰੀਤ ਸਿੰਘ ਖੂਨ ਨਾਲ ਲੱਥ ਪੱਥ ਪਿਆ ਸੀ ਜਿਸ ਦੇ ਸਿਰ ਅਤੇ ਮੱਥੇ ਪਰ ਸਖਤ ਸੱਟਾ ਵੱਜੀਆ ਹੋਈਆ ਹਨ ਅਤੇ ਉਸ ਦੇ ਸਿਰ ਅਤੇ ਮੂੰਹ ਤੇ ਖੂਨ ਵੱਗ ਰਿਹਾ ਸੀ ਤੇ ਉਸਦੀ ਮੌਤ ਹੋ ਚੁੱਕੀ ਹੈ ਤੇ ਪਾਸ ਹੀ ਤੁੜੀ ਵਾਲੀ ਮਸ਼ੀਨ ਦੀ ਚੌਰਸ ਲੋਹੇ ਡਈ (ਚੌਰਸ ਫੱਟੀ ਨੁਮਾ) ਸਮੇਤ ਹਥੌੜਾ ਪਿਆ ਹੈ ਡਈ ਨੂੰ ਖੂਨ ਲੱਗਿਆ ਹੋਇਆ ਹੈ। ਪੜਤਾਲ ਕਰਨ ਤੇ ਯਕੀਨ ਹੋ ਗਿਆ ਹੈ ਕਿ ਰਾਤ ਸਮੇ ਗੁਰਪ੍ਰੀਤ ਸਿੰਘ ਪਾਸ ਮੌਜੂਦ ਸਾਥੀ ਟਰੈਕਟਰ ਸਮੇਤ ਗਾਇਬ ਹਨ ਜਿਹਨਾ ਨੇ ਹੀ ਗੁਰਪ੍ਰੀਤ ਸਿੰਘ ਦੇ ਸੱਟਾ ਮਾਰ ਕੇ ਉਸਦਾ ਕਤਲ ਕੀਤਾ ਹੈ। ਵਜਾ ਰੰਜਸ ਇਹ ਹੈ ਕਿ ਗੁਰਪ੍ਰੀਤ ਸਿੰਘ ਦੇ ਮਸੀਨ ਮਾਲਕ ਨੇ ਉਸ ਨੂੰ 100/-ਰੁਪੈ ਵੱਧ ਕਮਿਸ਼ਨ ਦੇਣ ਦੀ ਗਲ ਕੀਤੀ ਸੀ । ਜਿਸ ਕਰਕੇ ਇਸ ਦੇ ਸਾਥੀ ਗੁਰਪ੍ਰੀਤ ਸਿੰਘ ਨਾਲ ਈਰਖਾ ਕਰਦੇ ਸੀ।

ਜਿਸ ਕਰਕੇ ਮਿਤੀ 25/26 ਅਪ੍ਰੈਲ ਦੀ ਰਾਤ ਸੁਰਜੀਤ ਸਿੰਘ ਪੁਤਰ ਗੁਰਚਰਨ ਸਿੰਘ ਵਾਸੀ ਜੌੜਕੀ ਕੰਕਰ ਫਾਜਿਲਕਾ ਅਤੇ ਪਵਨਦੀਪ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਟਾਹਲੀਵਾਲਾ ਬੋਦਲਾ ਅਤੇ ਮਸ਼ੀਨ ਦੇ ਮਾਲਕ ਜਗਮੀਤ ਸਿੰਘ ਤੇ ਇੱਕ ਹੋਰ ਨਾਮਾਲੂਮ ਵਿਅਕਤੀ ਨੇ ਨਾਲ ਮਿਲ ਕੇ ਗੁਰਪ੍ਰੀਤ ਸਿੰਘ ਦੇ ਸੱਟਾ ਮਾਰ ਕੇ ਉਸ ਦਾ ਕਤਲ ਕਰ ਦਿੱਤਾ ਹੈ।

ਮਦਈ ਮੁਕਦਮਾ ਉਕਤ ਦੇ ਬਿਆਨ ਪਰ ਮੁਕਦਮਾ ਨੰਬਰ 47, ਮਿਤੀ 26.04.2025 ਅ/ਧ 103(1),3(5) BNS ਥਾਣਾ ਖੂਈਆ ਸਰਵਰ ਬਰਖਿਲਾਫ ਸੁਰਜੀਤ ਸਿੰਘ ਪੁਤਰ ਗੁਰਚਰਨ ਸਿੰਘ ਵਾਸੀ ਜੌੜਕੀ ਕੰਕਰ ਫਾਜਿਲਕਾ ਅਤੇ ਪਵਨਦੀਪ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਟਾਹਲੀਵਾਲਾ ਬੋਦਲਾ ਅਤੇ ਮਸ਼ੀਨ ਦੇ ਮਾਲਕ ਜਗਮੀਤ ਸਿੰਘ ਵਗੈਰਾ ਦੇ ਦਰਜ ਰਜਿਸਟਰ ਕੀਤਾ ਗਿਆ ਹੈ।ਮੁੱਕਦਮਾ ਉਕਤ ਦੇ ਮੁੱਖ ਦੋਸ਼ੀ ਸੁਰਜੀਤ ਸਿੰਘ ਉਕਤ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਮੁੱਕਦਮਾ ਦੇ ਬਾਕੀ ਦੋਸ਼ੀਆ ਨੂੰ ਵੀ ਗਿਰਫਤਾਰ ਕਰਨ ਲਈ ਉਨਾ ਦੀਆ ਰਿਸ਼ਤੇਦਾਰੀਆ ਅਤੇ ਹੋਰ ਥਾਣਾ ਪਰ ਰੇਡ ਕੀਤੇ ਜਾ ਰਹੇ ਹਨ। ਜਿਨਾ ਨੂੰ ਜਲਦ ਗ੍ਰਿਫਤਾਰ ਕੀਤਾ ਜਾਵੇਗਾ ਅਤੇ ਮੁੱਕਦਮਾ ਦੀ ਤਫਤੀਸ਼ ਮੁਕੰਮਲ ਕਰਕੇ ਮੁੱਕਦਮਾ ਦਾ ਨਿਪਟਾਰਾ ਜਲਦ ਕੀਤਾ ਜਾਵੇਗਾ।

# ਲੋੜਵੰਦ ਲੋਕਾਂ ਨੂੰ ਤੂੜੀ ਬਣਾਉਣ ਲਈ 80 ਕਿੱਲੇ ਨਾੜ ਦਿੱਤਾ ਜਾਵੇਗਾ : ਸੁਰਿੰਦਰ ਸਿੰਘ ਜੌੜਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com

ਜ਼ੀਰਾ 27 ਅਪ੍ਰੈਲ ( ਅੰਗਰੇਜ਼ ਬਰਾੜ ) - ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪਿਛਲੇ ਲੰਬੇ ਸਮੇਂ ਤੋਂ ਚੱਲੇ ਆ ਰਹੇ ਮੈਂਬਰ ਅਤੇ ਉਘੇ ਸਮਾਜ ਸੇਵੀ ਸਰਦਾਰ ਸੁਰਿੰਦਰ ਸਿੰਘ ਜੌੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਲੋੜਵੰਦ ਲੋਕਾਂ ਨੂੰ ਜਿਨਾਂ ਦੀ ਕਣਕ ਅੱਗ ਦੀ ਲਪੇਟ ਵਿੱਚ ਆ ਚੁੱਕੀ ਹੈ ਅਤੇ ਉਹਨਾਂ ਨੇ ਤੂੜੀ ਬਣਾਉਣੀ ਹੈ, ਉਹ ਆਪਣੀ ਜਮੀਨ ਵਿੱਚੋਂ 80 ਕਿੱਲੇ ਨਾਲ ਤੂੜੀ ਬਣਾਉਣ ਵਾਲਿਆਂ ਨੂੰ ਦੇ ਰਹੇ ਹਨ। ਸੁਰਿੰਦਰ ਸਿੰਘ ਜੌੜਾ ਨੇ ਕਿਹਾ ਕਿ ਲੋੜਵੰਦ ਭਰਾਵਾਂ ਦੀ ਮਦਦ ਕਰਨ ਲਈ ਉਹ 80 ਕਿੱਲੇ ਨਾੜ ਲੋੜਵੰਦਾਂ ਨੂੰ ਦੇ ਰਹੇ ਹਨ। ਉਹਨਾਂ ਕਿਹਾ ਕਿ ਤੂੜੀ ਬਣਾਉਣ ਵਾਲੇ ਲੇਬਰ ਜਾਂ ਮਾਲਕਾਂ ਨੂੰ ਦਾਲ ਫੁਲਕਾ ਵੀ ਉਹ ਦੇਣਗੇ!



# ਮਨਰੇਗਾ ਮਜ਼ਦੂਰ ਅਵਤਾਰ ਸਿੰਘ ਦੀ ਅੰਤਿਮ ਅਰਦਾਸ 'ਤੇ ਪਰਿਵਾਰ ਨੂੰ ਮਿਲੀ ਸਰਕਾਰੀ ਮਦਦ

## ਵਿਧਾਇਕ ਹਾਕਮ ਸਿੰਘ ਠੇਕੇਦਾਰ ਨੇ ਦੋ ਲੱਖ ਰੁਪਏ ਦਾ ਚੈੱਕ ਸੌਂਪਿਆ, ਸੀਟੂ ਨੇ ਹੋਰ ਲਾਭ ਤੁਰੰਤ ਦਿਵਾਉਣ ਦੀ ਕੀਤੀ ਮੰਗ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com

ਸੰਗਰੂਰ,27 ਅਪ੍ਰੈਲ (ਜਗਸੀਰ ਲੌਂਗੋਵਾਲ) :- ਪਿੰਡ ਬਗੁਮੀ ਦੇ ਮ੍ਰਿਤਕ ਮਨਰੇਗਾ ਮਜ਼ਦੂਰ ਅਵਤਾਰ ਸਿੰਘ ਦੀ ਅੰਤਿਮ ਅਰਦਾਸ ਮੌਕੇ ਆਮ ਆਦਮੀ ਪਾਰਟੀ ਦੇ ਵਿਧਾਇਕ ਹਾਕਮ ਸਿੰਘ ਠੇਕੇਦਾਰ ਨੇ ਸਰਪੰਚ ਹਰਨੇਕ ਸਿੰਘ, ਸੀਟੂ ਦੇ ਸੂਬਾ ਸਕੱਤਰ ਦਲਜੀਤ ਕੁਮਾਰ ਗੋਰਾ ਅਤੇ ਮਨਰੇਗਾ ਮਜ਼ਦੂਰ ਯੂਨੀਅਨ ਦੇ ਸੂਬਾਈ ਮੀਤ ਪ੍ਰਦਾਨ ਪ੍ਰਕਾਸ਼ ਸਿੰਘ ਬਗੁਮੀ ਦੀ ਮੌਜੂਦਗੀ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦੋ ਲੱਖ ਰੁਪਏ ਦਾ ਚੈੱਕ ਮ੍ਰਿਤਕ ਦੀ ਪਤਨੀ ਸਰਬਜੀਤ ਕੌਰ ਨੂੰ ਸੌਂਪਿਆ। ਮ੍ਰਿਤਕ ਅਵਤਾਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਵਿਧਾਇਕ ਹਾਕਮ ਸਿੰਘ ਠੇਕੇਦਾਰ ਨੇ ਪਰਿਵਾਰ ਨੂੰ ਹਰ ਪ੍ਰਕਾਰ ਦੀ ਸਹਾਇਤਾ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਮਨਰੇਗਾ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਿਲਣ ਵਾਲੇ ਬਾਕੀ ਲਾਭ ਵੀ ਪਰਿਵਾਰ ਨੂੰ ਜਲਦ ਹੀ ਦਿੱਤੇ ਜਾਣਗੇ।



ਮ੍ਰਿਤਕ ਅਵਤਾਰ ਸਿੰਘ ਦੀ ਅੰਤਿਮ ਅਰਦਾਸ ਮੌਕੇ ਵੱਡੀ ਗਿਣਤੀ ਪਿੰਡ ਵਾਸੀ, ਰਿਸ਼ਤੇਦਾਰ, ਵੱਖ-ਵੱਖ ਰਾਜਨੀਤਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਕਾਰਕੁਨ ਵੀ ਹਾਜ਼ਰ ਸਨ। ਸੀਟੂ ਦੇ ਸੂਬਾ ਸਕੱਤਰ ਦਲਜੀਤ ਕੁਮਾਰ ਗੋਰਾ ਨੇ ਵਿਭਾਗ ਦੇ ਅਧਿਕਾਰੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਮ੍ਰਿਤਕ ਦੀ ਅਪਾਹਜ ਪਤਨੀ ਨੂੰ ਅੰਗਹੀਣ ਪੈਨਸ਼ਨ ਤੋਂ ਇਲਾਵਾ ਵਿਧਵਾ ਪੈਨਸ਼ਨ, ਐਕਸਗ੍ਰੇਸ਼ੀਆ ਗਰਾਂਟ ਅਤੇ ਪ੍ਰਧਾਨ ਮੰਤਰੀ ਬੀਮਾ ਯੋਜਨਾ ਤਹਿਤ ਮਿਲਣ ਵਾਲੀ ਸਹਾਇਤਾ ਰਾਸ਼ੀ ਤੁਰੰਤ ਅਦਾ ਕੀਤੀ ਜਾਵੇ। ਉਨ੍ਹਾਂ ਮ੍ਰਿਤਕ ਦੇ ਪਰਿਵਾਰ ਮੈਂਬਰਾਂ ਨੂੰ ਭਰੋਸਾ ਦਿੱਤਾ ਕਿ ਜਥੇਬੰਦੀ ਮੁਆਵਜ਼ਾ ਰਾਸ਼ੀ ਮਿਲਣ ਤੱਕ ਸੰਘਰਸ਼ ਜਾਰੀ ਰੱਖੇਗੀ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਗੁਰਮਿੰਦਰ ਸਿੰਘ ਤੂਰ, ਟਰੱਕ ਯੂਨੀਅਨ ਦੇ ਪ੍ਰਧਾਨ ਬਿੰਦਰਜੀਤ ਸਿੰਘ ਗਿੱਲ, ਵਿਧਾਇਕ ਦੇ ਪੀਏ ਕਮਲ ਸੁਖਾਣਾ, ਗੁਰਜੀਤ ਸਿੰਘ ਬੱਗਾ, ਸੁਖਦੇਵ ਸਿੰਘ, ਸ਼ਿੰਗਾਰਾ ਸਿੰਘ, ਸੁਖਵਿੰਦਰ ਸਿੰਘ, ਸਮੂਹ ਪੰਚਾਇਤ ਅਤੇ ਪਿੰਡ ਵਾਸੀ ਹਾਜ਼ਰ ਸਨ।

# ਖੂਨਦਾਨ ਮਹਾਂਦਾਨ ਏ, ਖੂਨਦਾਨ ਕਰਕੇ ਅਨੇਕਾਂ ਜ਼ਿੰਦਗੀਆਂ ਬਚਾ ਸਕਦੇ ਹਾਂ:- ਸਮਾਜ ਭਲਾਈ ਸੰਸਥਾ ਮਹਾਲੋਂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com




ਨਵਾਂਸ਼ਹਿਰ (ਚਰਨਜੀਤ ਸੱਲ੍ਹਾ ) ਪਿੰਡ ਮਹਾਲੋਂ ਦੀ ਸਮਾਜ ਭਲਾਈ ਸੰਸਥਾ ਵੱਲੋਂ ਵਿਸ਼ਵ ਰਤਨ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ 134ਵੇਂ ਜਨਮ ਦਿਨ ਨੂੰ ਸਮਰਪਿਤ 8ਵਾਂ ਸਵੈ -ਇਛੁੱਕ ਖੂਨਦਾਨ ਕੈਂਪ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪਿੰਡ ਮਹਾਲੋਂ ਵਿਖੇ ਬਲੱਡ ਬੈਂਕ ਨਵਾਂਸ਼ਹਿਰ ਦੇ ਸਹਿਯੋਗ ਨਾਲ ਲਗਾਇਆ ਗਿਆ। ਜਿਸ ਵਿੱਚ ਕਰੀਬ 39 ਯੂਨਿਟ ਬਲੱਡ ਦੇ ਇਕੱਤਰ ਕੀਤੇ ਗਏ। ਖੂਨਦਾਨੀਆਂ ਵਲੋਂ ਬੜੇ ਉਤਸ਼ਾਹ ਨਾਲ ਖੂਨਦਾਨ ਕੀਤਾ ਗਿਆ।ਸਮਾਜ ਭਲਾਈ ਸੰਸਥਾ ਮਹਾਲੋਂ ਦੇ ਮੈਂਬਰਾਂ ਅਤੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਜ਼ਿਲ੍ਹਾ ਆਰਗੇਨਾਈਜ਼ਿਰ ਡਾਕਟਰ ਸੁਰਿੰਦਰ ਮਹਾਲੋਂ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮਾਜ ਭਲਾਈ ਸੰਸਥਾ ਮਹਾਲੋਂ ਸਮਾਜ ਸੇਵਾ ਲਈ ਹਮੇਸ਼ਾ ਤਤਪਰ ਰਹਿੰਦੀ ਹੈ ਅਤੇ ਹਮੇਸ਼ਾਂ ਲੋੜਵੰਦਾਂ ਦੀ ਮਦਦ ਕਰਦੀ ਹੈ। ਸੰਸਥਾ ਨੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ 134ਵੇਂ ਜਨਮ ਦਿਨ ਨੂੰ ਸਮਰਪਿਤ 8ਵਾਂ ਸਵੈ -ਇਛੁੱਕ ਖੂਨਦਾਨ ਕੈਂਪ ਆਯੋਜਿਤ ਕੀਤਾ ਗਿਆ ਜਿਸ ਵਿੱਚ ਕਰੀਬ 39 ਦੇ ਕਰੀਬ ਬਲੱਡ ਯੂਨਿਟ ਇਕੱਠਾ ਕੀਤਾ ਗਿਆ। ਸੰਸਥਾ ਵੱਲੋਂ ਬਲੱਡ ਬੈਂਕ ਨਵਾਂਸ਼ਹਿਰ ਦੇ ਮੈਂਬਰਾਂ ਦਾ ਸਨਮਾਨ ਚਿੰਨ੍ਹ ਦੇ ਸਨਮਾਨ ਅਤੇ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਇਸ ਕੈਂਪ ਨੂੰ ਸਫ਼ਲ ਬਣਾਉਣ ਲਈ ਪੂਰਨ ਸਹਿਯੋਗ ਦਿੱਤਾ।ਇਸ ਦੇ ਨਾਲ ਹੀ ਉਨ੍ਹਾਂ ਖੂਨਦਾਨੀ ਸੱਜਣਾਂ ਨੂੰ ਵੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਜਿਨ੍ਹਾਂ ਨੇ ਨਿਰਸਵਾਰਥ ਹੋ ਕੇ ਖੂਨਦਾਨ ਕੀਤਾ।ਇਸ ਸਮੇਂ ਬਲਵੀਰ ਸਿੰਘ, ਡਾਕਟਰ ਸੁਰਿੰਦਰ ਮਹਾਲੋਂ,ਤਾਰੀ, ਨਛੱਤਰ ਰਾਮ ਸਰਪੰਚ, ਸਤਪਾਲ ਫੌਜੀ, ਹੈਪੀ,ਬੁੱਧ ਰਾਮ, ਸੁੱਖਵਿੰਦਰ ਸਿੰਘ, ਸੁਰਜੀਤ ਸਿੰਘ, ਭੁਪਿੰਦਰ, ਮੱਕੜ, ਹਰਬੰਸ ਲਾਲ,ਲਾਲੀ ਅਤੇ ਸਮਾਜ ਭਲਾਈ ਸੰਸਥਾ ਮਹਾਲੋਂ ਦੇ ਸਮੂਹ ਮੈਂਬਰ ਹਾਜ਼ਰ ਸਨ।

# ਫਰੈਸ਼ਰ ਕਮ ਫੇਅਰਵੇਲ ਸਮਾਰੋਹ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com

ਸੰਗਰੂਰ,27 ਅਪ੍ਰੈਲ (ਜਗਸੀਰ ਲੌਂਗੋਵਾਲ) - ਅਕਾਲ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ, ਫਤਿਹਗੜ੍ਹ ਛੰਨਾਂ ਸੰਗਰੂਰ ਵਿਖੇ ਫਰੈਸ਼ਰ ਕਮ ਫੇਅਰਵੇਲ ਕਮ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਚੇਅਰਮੈਨ ਸ.ਕਰਨਵੀਰ ਸਿੰਘ ਸਿਬੀਆ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਕਾਲਜ ਦੇ ਐਡਮਿਨ ਡਾ. ਅਰਵਿੰਦ ਮੋਹਨ , ਪ੍ਰਿੰਸੀਪਲ ਮਿਸ. ਦੀਕਸ਼ਾ ,ਪ੍ਰਿੰਸੀਪਲ ਡਾ.ਸੁੱਖਮੀਨ ਕੌਰ ਸਿੱਧੂ, ਪ੍ਰਿੰਸੀਪਲ ਰਸ਼ਪਿੰਦਰ ਕੌਰ ਉਚੇਚੇ ਤੌਰ ਤੇ ਸ਼ਾਮਿਲ ਹੋਏ । ਇਸ ਸਮਾਗਮ ਮੌਕੇ ਵਿਦਿਆਰਥਣਾਂ ਵਲੋਂ ਵੱਖੋ ਵਖਰੀਆਂ ਗਤੀਵਿਧੀਆਂ ਕੀਤੀਆ ਗਈਆ ਜਿਸ ਦੀ ਹਾਜ਼ਰੀਨ ਨੇ ਭਰਪੂਰ ਸ਼ਲਾਘਾ ਕੀਤੀ। ਸਟੇਜ ਦੀ ਜਿੰਮੇਵਾਰੀ ਵਿਦਿਆਰਥਣਾਂ ਅਤੇ ਪ੍ਰੋਫੈਸਰ ਅਰਸ਼ਜੋਤ ਕੌਰ ਦੁਆਰਾ ਨਿਭਾਈ ਗਈ। ਵਿਦਿਆਰਥਣਾਂ ਨੇ ਗੀਤ, ਸੋਲੋ ਡਾਂਸ, ਗਰੁੱਪ ਡਾਂਸ ਅਤੇ ਹੋਰ ਬਹੁਤ ਸਾਰੀਆਂ ਗਤੀਵਿਧੀਆਂ ਪੇਸ਼ ਕੀਤੀਆਂ । ਜੱਜ ਸਹਿਬਾਨਾਂ ਵੱਲੋਂ ਸਾਰੇ ਵਿਦਿਆਰਥੀਆਂ ਦੀ ਕਾਰਗੁਜਾਰੀ ਨੂੰ ਦੇਖਦੇ ਹੋਏ ਉਨਾਂ ਵਿੱਚੋ ਮਿਸ. ਫਰੈਸ਼ਰ ਕਮਲਪ੍ਰੀਤ ਕੌਰ, ਮਿਸ. ਫੇਅਰਵੇਲ ਸਿਮਰਨ ਗਾਂਧੀ ਅਤੇ ਸਟੂਡੈਂਟ ਆਫ ਦਾ ਬੈਚ 2023-25 ਸਿਮਰਨਦੀਪ ਕੌਰ ਨੂੰ ਚੁਣਿਆ ਗਿਆ। ਇਸ ਮੌਕੇ ਸਮੂਹ ਮਨੈਜਮੈਂਟ, ਪ੍ਰਿੰਸੀਪਲ ਮਿਸ. ਦੀਕਸ਼ਾ ਅਤੇ ਸਮੂਹ ਸਟਾਫ ਵੱਲੋਂ ਵਿਦਿਆਰਥਣਾਂ ਨੂੰ ਵਧਾਈ ਦੇਣ ਦੇ ਨਾਲ -ਨਾਲ ਸਨਮਾਨਿਤ ਕੀਤਾ ਗਿਆ। ਚੇਅਰਮੈਨ ਕਰਨਬੀਰ ਸਿੰਘ ਸਿਬੀਆ ਨੇ ਉਕਤ ਪ੍ਰੋਗਰਾਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਤੇ ਜਿਥੇ ਮੁਬਾਰਕਬਾਦ ਦਿੱਤੀ ਉਥੇ ਹੀ ਭਵਿੱਖ ਵਿਚ ਵਿਦਿਆਰਥਣਾਂ ਨੂੰ ਹੋਰ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਅਤੇ ਵਿਦਿਆਰਥਣਾਂ ਦੇ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆ। ਇਸ ਮੌਕੇ ਪ੍ਰੋਫੈਸਰ ਜੈਸਮੀਨ ਕੌਰ, ਅਰਸ਼ਜੀਤ ਕੌਰ, ਸੰਦੀਪ ਕੌਰ ਤੇ ਰਜਨੀ ਬਾਲਾ ਸਣੇ ਵੱਡੀ ਗਿਣਤੀ ਵਿੱਚ ਵਿਦਿਆਰਥਣਾਂ ਮੌਜੂਦ ਸਨ।



# ਪੰਜਾਬ ਵਿੱਚ ਪੁਲਿਸ ਅਧਿਕਾਰੀਆਂ ਦੀ ਇੱਕ ਵੱਡੀ ਪ੍ਰਤੀਸ਼ਤ (80% ਤੋਂ ਵੱਧ) ਦਾ ਦਾਅਵਾ ਹੈ ਕਿ ਮੁਸਲਮਾਨਾਂ, ਦਲਿਤਾਂ ਅਤੇ ਆਦਿਵਾਸੀਆਂ ਵਿੱਚ ਅਪਰਾਧ ਪ੍ਰਤੀ ਸਹਿਜ ਰੁਝਾਨ ਨਹੀਂ ਹੈ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 27 ਅਪ੍ਰੈਲ INTERNATIONAL PAPER, 94636 01616 hardipchumber57@gmail.com

**ਸਰਵੇਖਣ ਰਿਪੋਰਟ ਕਹਿੰਦੀ ਹੈ ਕਿ ਮੁਸਲਮਾਨ, ਦਲਿਤ ਅਪਰਾਧ ਪ੍ਰਤੀ ਝੁਕਾਅ ਨਹੀਂ ਰੱਖਦੇ, ਇਹ ਖੋਜ ਦੇਸ਼ ਦੇ ਦੂਜੇ ਖੇਤਰਾਂ ਵਿੱਚ ਪ੍ਰਚਲਿਤ ਧਾਰਨਾਵਾਂ ਤੋਂ ਭਟਕਣ ਨੂੰ ਦਰਸਾਉਂਦੀ ਹੈ ਅਤੇ ਅਪਰਾਧ ਅਤੇ ਭਾਈਚਾਰਕ ਸਬੰਧਾਂ ਦੇ ਮੁੱਦਿਆਂ ‘ਤੇ ਰਾਜ ਦੇ ਕਾਨੂੰਨ ਲਾਗੂ ਕਰਨ ਵਾਲਿਆਂ ਦੇ ਵਿਲੱਖਣ ਰੁਖ ਨੂੰ ਉਜਾਗਰ ਕਰਦੀ ਹੈ**

**ਲੇਖ_ਲੇਖਕ**
**ਜੁਪਿੰਦਰਜੀਤ ਸਿੰਘ**

ਪੰਜਾਬ ਵਿੱਚ ਪੁਲਿਸ ਉੱਤਰਦਾਤਾਵਾਂ ਵਿੱਚ ਕੀਤੇ ਗਏ ਇੱਕ ਖੁਲਾਸਾ ਸਰਵੇਖਣ ਵਿੱਚ, ਇੱਕ ਮਹੱਤਵਪੂਰਨ ਬਹੁਗਿਣਤੀ ਨੇ ਇਹ ਦ੍ਰਿੜ ਵਿਸ਼ਵਾਸ ਪ੍ਰਗਟ ਕੀਤਾ ਹੈ ਕਿ ਨਾ ਤਾਂ ਮੁਸਲਮਾਨ ਅਤੇ ਨਾ ਹੀ ਦਲਿਤ ਕੁਦਰਤੀ ਤੌਰ ‘ਤੇ ਅਪਰਾਧਿਕ ਵਿਵਹਾਰ ਲਈ ਪ੍ਰਵਿਰਤੀ ਰੱਖਦੇ ਹਨ।

ਕਾਮਨ ਕਾਜ਼ ਅਤੇ ਲੋਕਨੀਤੀ-ਸੀਐਸਡੀਸੀ ਸੰਗਠਨ ਦੁਆਰਾ ਕੀਤੀ ਗਈ “ਸਟੇਟਸ ਆਫ ਪੁਲਿਸਿੰਗ ਇਨ ਇੰਡੀਆ ਰਿਪੋਰਟ” (ਐਸਪੀਆਈਆਰ) ਦੇ ਅਨੁਸਾਰ, ਇਹ ਖੋਜ ਦੇਸ਼ ਦੇ ਦੂਜੇ ਖੇਤਰਾਂ ਵਿੱਚ ਪ੍ਰਚਲਿਤ ਧਾਰਨਾਵਾਂ ਤੋਂ ਇੱਕ ਭਟਕਣ ਨੂੰ ਦਰਸਾਉਂਦੀ ਹੈ ਅਤੇ ਅਪਰਾਧ ਅਤੇ ਭਾਈਚਾਰਕ ਸਬੰਧਾਂ ਦੇ ਮੁੱਦਿਆਂ ‘ਤੇ ਰਾਜ ਦੇ ਕਾਨੂੰਨ ਲਾਗੂ ਕਰਨ ਵਾਲੇ ਵਿਭਾਗ ਦੇ ਵਿਲੱਖਣ ਰੁਖ ਨੂੰ ਉਜਾਗਰ ਕਰਦੀ ਹੈ।

ਸਰਵੇਖਣ ਦੇ ਅੰਕੜਿਆਂ ਅਨੁਸਾਰ, ਪੰਜਾਬ ਵਿੱਚ ਪੁਲਿਸ ਅਧਿਕਾਰੀਆਂ ਦੀ ਇੱਕ ਵੱਡੀ ਪ੍ਰਤੀਸ਼ਤ (80% ਤੋਂ ਵੱਧ) ਦਾ ਦਾਅਵਾ ਹੈ ਕਿ ਮੁਸਲਮਾਨਾਂ, ਦਲਿਤਾਂ ਅਤੇ ਆਦਿਵਾਸੀਆਂ ਵਿੱਚ ਅਪਰਾਧ ਪ੍ਰਤੀ ਸਹਿਜ ਰੁਝਾਨ ਨਹੀਂ ਹੈ। ਇਹ ਵਿਸ਼ਵਾਸ ਦੂਜੇ ਰਾਜਾਂ ਦੇ ਉੱਤਰਦਾਤਾਵਾਂ ਦੇ ਮੁਕਾਬਲੇ ਪੰਜਾਬ ਦੀ ਪੁਲਿਸ ਵਿੱਚ ਖਾਸ ਤੌਰ ‘ਤੇ ਮਜ਼ਬੂਤ ਸੀ, ਜੋ ਕਿ ਖਾਸ ਭਾਈਚਾਰਿਆਂ ਨੂੰ ਅਪਰਾਧ ਨਾਲ ਜੋੜਨ ਵਾਲੇ ਰੂੜ੍ਹੀਵਾਦੀ ਵਿਚਾਰ ਦੇ ਡੂੰਘੇ ਸ਼ੱਕ ਨੂੰ ਦਰਸਾਉਂਦਾ ਹੈ।

ਸਰਵੇਖਣ ਨੇ ਜਨਤਕ ਸੁਰੱਖਿਆ ਮੁੱਦਿਆਂ ਪ੍ਰਤੀ ਕਾਨੂੰਨ ਲਾਗੂ ਕਰਨ ਵਾਲਿਆਂ ਦੇ ਪਹੁੰਚ ਨੂੰ ਵੀ ਉਜਾਗਰ ਕੀਤਾ। ਪੰਜਾਬ ਪੁਲਿਸ ਨੇ ਘੁੰਮਣ-ਫਿਰਨ ਅਤੇ ਜਨਤਕ ਪਰੇਸ਼ਾਨੀ ਨਾਲ ਸਬੰਧਤ ਗ੍ਰਿਫਤਾਰੀਆਂ ਦਾ ਸਭ ਤੋਂ ਵੱਧ ਅਨੁਪਾਤ ਦੱਸਿਆ, ਜੋ ਕਿ ਸਰਵੇਖਣ ਕੀਤੇ ਗਏ ਦੂਜੇ ਰਾਜਾਂ ਨਾਲੋਂ ਕਾਫ਼ੀ ਜ਼ਿਆਦਾ ਹੈ। ਇਹ ਅਪਰਾਧ ਅਤੇ ਇਹਨਾਂ ਭਾਈਚਾਰਿਆਂ ਵਿਚਕਾਰ ਘੱਟ ਸਬੰਧ ਹੋਣ ਦੇ ਬਾਵਜੂਦ, ਜਨਤਕ ਵਿਵਸਥਾ ਬਣਾਈ ਰੱਖਣ ਲਈ ਇੱਕ ਸਰਗਰਮ ਰੁਖ਼ ਨੂੰ ਦਰਸਾਉਂਦਾ ਹੈ।

ਜਦੋਂ ਤਸ਼ੱਦਦ ਦੇ ਵਿਵਾਦਪੂਰਨ ਅਭਿਆਸ ਨੂੰ ਜਾਇਜ਼ ਠਹਿਰਾਉਣ ਦੀ ਗੱਲ ਆਉਂਦੀ ਹੈ, ਤਾਂ ਪੰਜਾਬ ਦੇ ਪੁਲਿਸ ਜਵਾਬ ਦੇਣ ਵਾਲਿਆਂ ਨੇ ਮੁਕਾਬਲਤਨ ਘੱਟ ਸਹਿਣਸ਼ੀਲਤਾ ਦਿਖਾਈ। ਸਿਰਫ 15% ਨੇ ਅਜਿਹੀਆਂ ਕਾਰਵਾਈਆਂ ਨੂੰ ਜਾਇਜ਼ ਠਹਿਰਾਉਣ ਦੀ ਉੱਚ ਪ੍ਰਵਿਰਤੀ ਦੀ ਰਿਪੋਰਟ ਕੀਤੀ, ਜਦੋਂ ਕਿ ਕਾਫ਼ੀ 30% ਨੇ ਘੱਟ ਪ੍ਰਵਿਰਤੀ ਦਰਸਾਈ ਅਤੇ ਹੋਰ 30% ਨੇ ਬਹੁਤ ਘੱਟ ਪ੍ਰਵਿਰਤੀ ਦਿਖਾਈ।

ਇਸ ਤੋਂ ਇਲਾਵਾ, ਪੰਜਾਬ ਨੂੰ ਉਨ੍ਹਾਂ ਰਾਜਾਂ ਵਿੱਚੋਂ ਇੱਕ ਵਜੋਂ ਪਛਾਣਿਆ ਗਿਆ ਹੈ ਜਿੱਥੇ ਭੀੜ ਹਿੰਸਾ ਲਈ ਸਭ ਤੋਂ ਘੱਟ ਜਾਇਜ਼ ਠਹਿਰਾਇਆ ਗਿਆ ਹੈ, ਖਾਸ ਕਰਕੇ ਗਊ ਹੱਤਿਆ ਦੇ ਦੋਸ਼ਾਂ ਦੇ ਸੰਬੰਧ ਵਿੱਚ। 62% ਉੱਤਰਦਾਤਾਵਾਂ ਨੇ ਕਿਹਾ ਕਿ ਭੀੜ ਹਿੰਸਾ ਬਿਲਕੁਲ ਵੀ ਜਾਇਜ਼ ਨਹੀਂ ਸੀ, ਜੋ ਕਿ ਕੇਰਲਾ ਅਤੇ ਪੱਛਮੀ ਬੰਗਾਲ ਵਰਗੇ ਰਾਜਾਂ ਤੋਂ ਮਿਲਦੇ-ਜੁਲਦੇ ਨਤੀਜਿਆਂ ਨਾਲ ਮੇਲ ਖਾਂਦਾ ਹੈ, ਜਿਨ੍ਹਾਂ ਨੇ ਅਜਿਹੇ ਵਿਵਹਾਰ ਲਈ ਘੱਟ ਪੱਧਰ ਦੀ ਜਾਇਜ਼ਤਾ ਦਾ ਪ੍ਰਦਰਸ਼ਨ ਵੀ ਕੀਤਾ।

ਸਰਵੇਖਣ ਨਾ ਸਿਰਫ਼ ਪੰਜਾਬ ਵਿੱਚ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਵਿੱਚ ਅਪਰਾਧ ਪ੍ਰਤੀ ਧਾਰਨਾਵਾਂ ‘ਤੇ ਰੌਸ਼ਨੀ ਪਾਉਂਦਾ ਹੈ ਬਲਕਿ ਖੇਤਰ ਵਿੱਚ ਨਿਆਂ ਅਤੇ ਸੁਰੱਖਿਆ ਨੂੰ ਬਣਾਈ ਰੱਖਣ ਵਿੱਚ ਭਾਈਚਾਰਕ ਸਬੰਧਾਂ ਦੀ ਮਹੱਤਤਾ ਨੂੰ ਵੀ ਮਜ਼ਬੂਤ ਕਰਦਾ ਹੈ। ਇਹ ਨਤੀਜੇ ਭਾਈਚਾਰਕ ਪਿਛੋਕੜ ਦੇ ਸੰਬੰਧ ਵਿੱਚ ਅਪਰਾਧ ‘ਤੇ ਵਧੇਰੇ ਬਰਾਬਰੀ ਵਾਲੇ ਦ੍ਰਿਸ਼ਟੀਕੋਣ ਵੱਲ ਇੱਕ ਕਦਮ ਦਾ ਸੁਝਾਅ ਦਿੰਦੇ ਹਨ, ਜੋ ਸੰਭਾਵੀ ਤੌਰ ‘ਤੇ ਭਵਿੱਖ ਦੀਆਂ ਪੁਲਿਸਿੰਗ ਰਣਨੀਤੀਆਂ ਅਤੇ ਭਾਈਚਾਰਕ ਪਹੁੰਚ ਪ੍ਰੋਗਰਾਮਾਂ ਨੂੰ ਪ੍ਰਭਾਵਤ ਕਰ ਸਕਦਾ ਹੈ।

26 ਮਾਰਚ ਨੂੰ ਇੰਡੀਆ ਇੰਟਰਨੈਸ਼ਨਲ ਸੈਂਟਰ ਵਿਖੇ ਮਾਹਿਰਾਂ ਦੇ ਇੱਕ ਵਿਸ਼ੇਸ਼ ਪੈਨਲ ਦੁਆਰਾ ਦ ਸਟੇਟਸ ਆਫ਼ ਪੁਲਿਸਿੰਗ ਇਨ ਇੰਡੀਆ ਰਿਪੋਰਟ (SPIR) 2025 ਜਾਰੀ ਕੀਤੀ ਗਈ, ਜਿਸ ਵਿੱਚ ਜਸਟਿਸ ਐਸ ਮੁਰਲੀਧਰ, ਸਾਬਕਾ ਚੀਫ਼ ਜਸਟਿਸ ਓਡੀਸ਼ਾ ਹਾਈ ਕੋਰਟ, ਵਰਿੰਦਾ ਗਰੋਵਰ, ਵਕੀਲ ਅਤੇ ਕਾਰਕੁਨ, ਡਾ. ਅਮਰ ਜੇਸਾਨੀ, ਜਨ ਸਿਹਤ ਮਾਹਿਰ ਅਤੇ ਇੰਡੀਅਨ ਜਰਨਲ ਆਫ਼ ਮੈਡੀਕਲ ਐਥਿਕਸ ਦੇ ਸੰਪਾਦਕ, ਅਤੇ ਪ੍ਰਕਾਸ਼ ਸਿੰਘ, ਆਈਪੀਐਸ (ਸੇਵਾਮੁਕਤ) ਅਤੇ ਯੂਪੀ, ਅਸਾਮ ਅਤੇ ਬੀਐਸਐਫ ਦੇ ਸਾਬਕਾ ਡੀਜੀਪੀ ਸ਼ਾਮਲ ਸਨ।

ਦਿ ਟ੍ਰਿਬਿਊਨ ਦੁਆਰਾ ਅਧਿਐਨ ਕੀਤੀ ਗਈ ਰਿਪੋਰਟ ਦਾ ਪੰਜਾਬ ਕੇਂਦ ਪੰਜਾਬ ਪੁਲਿਸ ਦੇ ਜਵਾਬਦਾਤਾਵਾਂ ਦੇ ਜਵਾਬ ਬਾਰੇ ਗੱਲ ਕਰਦਾ ਹੈ। ਲੜੀ ਵਿੱਚ ਛੇਵਾਂ, “ਪੁਲਿਸ ਤਸ਼ੱਦਦ ਅਤੇ (ਗੈਰ) ਜਵਾਬਦੇਹੀ” ‘ਤੇ SPIR 2025 ਭਾਰਤ ਵਿੱਚ ਆਪਣੀ ਕਿਸਮ ਦੀ ਇਕਲੌਤੀ ਰਿਪੋਰਟ ਹੈ ਜੋ ਦੇਸ਼ ਭਰ ਦੇ ਪੁਲਿਸ ਸਟੇਸ਼ਨਾਂ ‘ਤੇ ਪੁਲਿਸ ਦੀ ਜ਼ਬਰਦਸਤੀ ਅਤੇ ਹਿਰਾਸਤ ਵਿੱਚ ਹਿੰਸਾ ‘ਤੇ ਕੇਂਦ੍ਰਿਤ ਹੈ।

# ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਆੜ੍ਹਤੀਆਂ ਦੀਆਂ ਮੁਸ਼ਕਿਲਾਂ ਸੁਣੀਆਂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 27 ਅਪ੍ਰੈਲ INTERNATIONAL PAPER, 94636 01616 hardipchumber57@gmail.com

ਨਰਿੰਦਰ ਪਾਲ ਸਿੰਘ ਸਵਨਾ ਵਿਧਾਇਕ ਫਾਜ਼ਿਲਕਾ ਨੇ ਸਥਾਨਕ ਮਾਰਕੀਟ ਕਮੇਟੀ ਦਫਤਰ ਵਿਖੇ ਆੜ੍ਹਤੀਆ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਬੈਠਕ ਕਰਕੇ ਉਹਨਾਂ ਦੀਆਂ ਮੁਸ਼ਕਿਲਾਂ ਸੁਣੀਆਂ। ਇਸ ਮੌਕੇ ਉਨ ਨੇ ਆੜ੍ਹਤੀਆ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੂੰ ਭਰੋਸਾ ਦਿੱਤਾ ਕਿ ਉਹਨਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਨਿਪਟਾਰਾ ਹੋਵੇਗਾ। ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਕਣਕ ਦੀ ਲਿਫਟਿੰਗ ਤੇਜ਼ ਕਰਨ ਦੀ ਸਖਤ ਹਦਾਇਤ ਕੀਤੀ ਗਈ ਹੈ। ਉਹਨਾਂ ਨੇ ਕਿਹਾ ਕਿ ਏਜੰਸੀਆਂ ਨੂੰ ਪਾਬੰਦ ਕੀਤਾ ਜਾ ਰਿਹਾ ਹੈ ਕਿ ਉਹ ਤੇਜ਼ੀ ਨਾਲ ਲਿਫਟਿੰਗ ਕਰਨ । ਉਹਨਾਂ ਨੇ ਕਿਹਾ ਕਿ ਬੀਤੇ ਇੱਕ ਦਿਨ ਵਿੱਚ ਲਗਭਗ 34 ਹਜਾਰ ਮੀਟਰਿਕ ਟਨ ਕਣਕ ਦੀ ਲਿਫਟਿੰਗ ਹੋਈ ਹੈ ਜੋ ਕਿ ਆਪਣੇ ਆਪ ਵਿੱਚ ਇੱਕ ਰਿਕਾਰਡ ਹੈ। ਉਹਨਾਂ ਨੇ ਕਿਹਾ ਕਿ ਹੁਣ ਇਸ ਨੂੰ ਹੋਰ ਵਧਾਇਆ ਜਾ ਰਿਹਾ ਹੈ ਅਤੇ ਕਿਉਂ ਜੋ ਹੁਣ ਨਵੀਂ ਕਣਕ ਦੀ ਆਮਦ ਘਟਣ ਲੱਗੀ ਹੈ ਇਸ ਲਈ ਬਹੁਤ ਜਲਦ ਸਾਰੀ ਕਣਕ ਮੰਡੀਆਂ ਵਿੱਚੋਂ ਚੁੱਕ ਲਈ ਜਾਵੇਗੀ। ਉਹਨਾਂ ਨੇ ਕਿਹਾ ਕਿ ਇਸ ਸਾਰੀ ਪ੍ਰਕਿਆ ਦੌਰਾਨ ਕਿਸਾਨ ਨੂੰ ਕੋਈ ਖੱਜਲ ਖੁਆਰ ਨਹੀਂ ਹੋਣ ਦਿੱਤਾ ਜਾ ਰਿਹਾ ਅਤੇ ਕਿਸਾਨ ਦੀ ਫਸਲ ਨਾਲੋਂ ਨਾਲ ਵਿਕ ਰਹੀ ਹੈ

# ਕਮਲਦੀਪ ਸਿੰਘ ਪ੍ਰੋਪਰਟੀ ਡੀਲਰ ਐਸੋਸੀਏਸ਼ਨ ਦੇ ਪ੍ਰਧਾਨ ਬਣੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 27 ਅਪ੍ਰੈਲ INTERNATIONAL PAPER, 94636 01616 hardipchumber57@gmail.com



ਮੋਰਿੰਡਾ 27 ਅਪ੍ਰੈਲ (ਪਤਰ ਪ੍ਰੇਰਕ) ਪ੍ਰੋਪਰਟੀ ਡੀਲਰ ਐਸੋਸੀਏਸ਼ਨ ਮੋਰਿੰਡਾ ਦੀ ਚੋਣ ਸਰਬਸੰਮਤੀ ਨਾਲ ਹੋਈ। ਜਿਸ ਵਿੱਚ ਕਮਲਦੀਪ ਸਿੰਘ ਪ੍ਰਧਾਨ ਚੁਣੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਕੁਮਾਰ ਨੇ ਦੱਸਿਆ ਕਿ ਇਸ ਸਮੇਂ ਜਗਵਿੰਦਰ ਸਿੰਘ ਮੀਤ ਪ੍ਰਧਾਨ, ਸਚਿਨ ਸਕੱਤਰ,ਰਾਜ ਕੁਮਾਰ ਸੰਯੁਕਤ ਸਕੱਤਰ, ਜਸਵੀਰ ਸਿੰਘ ਲੇਖਾਕਾਰ , ਧਰਮਿੰਦਰ ਕੁਮਾਰ, ਜਗਜੀਤ ਸਿੰਘ ਸਲਾਹਕਾਰ ਅਤੇ ਨਿਰਮਲ ਸਿੰਘ, ਹਰਦੀਪ ਸਿੰਘ,ਵਿਪਨ ਕੁਮਾਰ, ਜਤਿੰਦਰ ਕੁਮਾਰ ਬੰਟੀ, ਸਤਨਾਮ ਸਿੰਘ, ਲਖਵੀਰ ਸਿੰਘ, ਰਾਜਵੀਰ ਸਿੰਘ, ਸੋਢੀ ਸਰਪੰਚ, ਸੁਰਿੰਦਰ ਸਿੰਘ, ਪਰਮਿੰਦਰ ਸਿੰਘ ਕਾਲਾ, ਹਰਜੀਤ ਸਿੰਘ, ਬਲਵਿੰਦਰ ਸਿੰਘ,ਅਰੁਣ ਕੁਮਾਰ, ਵਿਵੇਕ ਕੁਮਾਰ, ਸੁਖਵਿੰਦਰ ਸਿੰਘ ਵੜੈਚ, ਅਮਨਾ, ਚਿੰਟੂ,ਕਪਿਲ, ਭੱਟੀ, ਦਰਸ਼ਨ ਸਿੰਘ ਮੰਡਾਂ, ਪ੍ਰੇਮ ਪੰਚ, ਸ਼ਾਮ ਲਾਲ, ਵਿਜੇ ਸੂਦ, ਨਛੱਤਰ ਸਿੰਘ ਅਤੇ ਬਲਵਿੰਦਰ ਸਿੰਘ ਆਦਿ ਕਮੇਟੀ ਮੈਂਬਰ ਚੁਣੇ ਗਏ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 27 ਅਪ੍ਰੈਲ INTERNATIONAL PAPER, 94636 01616 hardipchumber57@gmail.com

# ਮੋਬਾਈਲ ਫ਼ੋਨ ਦੀ ਅਸਤਿੱਤਵ ਹੀਣ ਤੇ ਚਕਾਚੌਂਦ ਭਰੀ ਜ਼ਿੰਦਗੀ ਦੀ ਗ੍ਰਿਫ਼ਤ ਵਿੱਚ ਨੌਜਵਾਨ ਪੀੜ੍ਹੀ

**ਜਸਵਿੰਦਰ ਪਾਲ ਸ਼ਰਮਾ, ਸਸ ਮਾਸਟਰ , ਸਸਸਸ ਹਾਕੂਵਾਲਾ ਸ੍ਰੀ ਮੁਕਤਸਰ ਸਾਹਿਬ 79860-27454**

ਕਨੈਕਟੀਵਿਟੀ ਅਤੇ ਜਾਣਕਾਰੀ ਤੱਕ ਤੁਰੰਤ ਪਹੁੰਚ ਦੁਆਰਾ ਪਰਿਭਾਸ਼ਿਤ ਇੱਕ ਯੁੱਗ ਵਿੱਚ, ਮੋਬਾਈਲ ਫੋਨ ਸੰਚਾਰ ਲਈ ਸਾਧਨਾਂ ਤੋਂ ਵੱਧ ਬਣ ਗਏ ਹਨ; ਇਹ ਆਧੁਨਿਕ ਯੁਵਾ ਸੱਭਿਆਚਾਰ ਦੇ ਤਾਣੇ-ਬਾਣੇ ਦਾ ਅਨਿੱਖੜਵਾਂ ਅੰਗ ਹਨ। ਜਿਵੇਂ-ਜਿਵੇਂ ਨੌਜਵਾਨ ਵਿਅਕਤੀ ਆਪਣੇ ਸ਼ੁਰੂਆਤੀ ਸਾਲਾਂ ਵਿੱਚ ਨੈਵੀਗੇਟ ਕਰਦੇ ਹਨ, ਮੋਬਾਈਲ ਫੋਨ ਸਮਾਜਿਕ ਪਰਸਪਰ ਪ੍ਰਭਾਵ, ਮਨੋਰੰਜਨ ਅਤੇ ਗਿਆਨ ਦੀ ਇੱਕ ਬੇਅੰਤ ਦੁਨੀਆ ਦੇ ਪ੍ਰਵੇਸ਼ ਦੁਆਰ ਵਜੋਂ ਕੰਮ ਕਰਦੇ ਹਨ। ਨੌਜਵਾਨ ਪੀੜ੍ਹੀ ਅਤੇ ਉਨ੍ਹਾਂ ਦੇ ਮੋਬਾਈਲ ਡਿਵਾਈਸਾਂ ਵਿਚਕਾਰ ਰੋਮਾਂਸ ਡੂੰਘਾ ਹੁੰਦਾ ਜਾ ਰਿਹਾ ਹੈ, ਤਕਨੀਕੀ ਤਰੱਕੀ ਅਤੇ ਸਮਾਜਿਕ ਤਬਦੀਲੀਆਂ ਦੁਆਰਾ ਮੁੜ ਆਕਾਰ ਦਿੱਤਾ ਜਾ ਰਿਹਾ ਹੈ।

## ਕਨੈਕਟੀਵਿਟੀ ਦਾ ਆਕਰਸ਼ਣ

ਅੱਜ ਦੇ ਨੌਜਵਾਨਾਂ ਲਈ, ਮੋਬਾਈਲ ਫੋਨ ਕਨੈਕਟੀਵਿਟੀ ਦਾ ਸਮਾਨਾਰਥੀ ਹੈ। ਇੱਕ ਸਲੀਕ ਸਕ੍ਰੀਨ ‘ਤੇ ਕੁਝ ਟੈਪਾਂ ਨਾਲ, ਦੋਸਤ ਰੋਜ਼ਾਨਾ ਗੱਲਬਾਤ ਵਿੱਚ ਸ਼ਾਮਲ ਹੋ ਸਕਦੇ ਹਨ, ਪਲ ਸਾਂਝੇ ਕਰ ਸਕਦੇ ਹਨ, ਅਤੇ ਪ੍ਰੋਜੈਕਟਾਂ ‘ਤੇ ਸਹਿਯੋਗ ਕਰ ਸਕਦੇ ਹਨ, ਦੂਰੀ ਦੀ ਪਰਵਾਹ ਕੀਤੇ ਬਿਨਾਂ। ਸੋਸ਼ਲ ਮੀਡੀਆ ਪਲੇਟਫਾਰਮ - ਮੋਬਾਈਲ ਤਕਨਾਲੋਜੀ ਦੁਆਰਾ ਪ੍ਰੇਰਿਤ - ਸਮੱਗਰੀ ਦੀ ਇੱਕ ਬੇਅੰਤ ਧਾਰਾ ਦੀ ਪੇਸ਼ਕਸ਼ ਕਰਦੇ ਹਨ ਜੋ ਆਪਣੇ ਆਪ ਅਤੇ ਭਾਈਚਾਰੇ ਦੀ ਭਾਵਨਾ ਨੂੰ ਲਾਗੂ ਕਰਦੀ ਹੈ। ਭਾਵੇਂ ਸਨੈਪਚੈਟ ਕਹਾਣੀਆਂ, ਟਿੱਕਟੋਕ ਵੀਡੀਓ, ਜਾਂ ਇੰਸਟਾਗ੍ਰਾਮ ਰੀਲਾਂ ਰਾਹੀਂ, ਨੌਜਵਾਨ ਆਪਣੀ ਜ਼ਿੰਦਗੀ ਨੂੰ ਜੀਵੰਤ, ਦਿਲਚਸਪ ਫਾਰਮੈਟਾਂ ਵਿੱਚ ਸਾਂਝਾ ਕਰਦੇ ਹਨ। ਹਾਲਾਂਕਿ, ਇਹ ਨਿਰੰਤਰ ਸੰਪਰਕ ਦੋਹਰਾ ਉਦੇਸ਼ ਪੂਰਾ ਕਰਦਾ ਹੈ: ਜਦੋਂ ਕਿ ਇਹ ਸਮਾਜਿਕ ਸਬੰਧਾਂ ਨੂੰ ਉਤਸ਼ਾਹਿਤ ਕਰਦਾ ਹੈ, ਇਹ ਇੱਕ ਕਿਊਰੇਟਿਡ ਔਨਲਾਈਨ ਮੌਜੂਦਗੀ ਬਣਾਈ ਰੱਖਣ ਲਈ ਦਬਾਅ ਨੂੰ ਵੀ ਵਧਾਉਂਦਾ ਹੈ।

## ਮਨੋਰੰਜਨ ਦਾ ਇੱਕ ਕੇਂਦਰ

ਮੋਬਾਈਲ ਫੋਨਾਂ ਦੇ ਆਉਣ ਨਾਲ ਮਨੋਰੰਜਨ ਨੇ ਇੱਕ ਨਵਾਂ ਰੂਪ ਧਾਰਨ ਕੀਤਾ ਹੈ। ਗੇਮਿੰਗ, ਸਟ੍ਰੀਮਿੰਗ ਅਤੇ ਸਮੱਗਰੀ ਬਣਾਉਣ ਲਈ ਅਣਗਿਣਤ ਐਪਸ ਉਪਲਬਧ ਹੋਣ ਦੇ ਨਾਲ, ਹੈਂਡਹੈਲਡ ਡਿਵਾਈਸ ਇੱਕ ਮਿੰਨੀ-ਮਨੋਰੰਜਨ ਕੇਂਦਰ ਵਿੱਚ ਬਦਲ ਗਈ ਹੈ। ਨੇਟਫਲਿਕਸ, ਸਪੋਟੀਫਾਈ, ਅਤੇ ਯੂ ਟਿਊਬ ਵਰਗੀਆਂ ਸੇਵਾਵਾਂ ਨੇ ਮਨੋਰੰਜਨ ਨੂੰ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਪਹੁੰਚਯੋਗ ਬਣਾ ਦਿੱਤਾ ਹੈ। ਇੱਕ ਉਂਗਲ ਦੇ ਸਵਾਈਪ ਨਾਲ ਬਲਾਕਬਸਟਰ ਫਿਲਮ ਦੇਖਣ ਜਾਂ ਮਨਪਸੰਦ ਪਲੇਲਿਸਟ ਸੁਣਨ ਦੀ ਯੋਗਤਾ ਨੌਜਵਾਨ ਪੀੜ੍ਹੀ ਨੂੰ ਆਪਣੀਆਂ ਸਕ੍ਰੀਨਾਂ ਨਾਲ ਚਿਪਕਾਉਂਦੀ ਰਹਿੰਦੀ ਹੈ। ਮੋਬਾਈਲ ਗੇਮਿੰਗ ਦੇ ਉਭਾਰ ਨੇ ਬਹੁਤ ਸਾਰੇ ਲੋਕਾਂ ਦੇ ਦਿਲਾਂ ਨੂੰ ਵੀ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ, ਮਲਟੀਪਲੇਅਰ ਗੇਮਾਂ ਦੋਸਤਾਂ ਨੂੰ ਵੱਖ-ਵੱਖ ਸਥਾਨਾਂ ਤੋਂ ਦੋਸਤਾਨਾ ਮੁਕਾਬਲੇ ਅਤੇ ਸਾਹਸ ਵਿੱਚ ਸ਼ਾਮਲ ਹੋਣ ਦੇ ਯੋਗ ਬਣਾਉਂਦੀਆਂ ਹਨ।

## ਚਲਦੇ-ਫਿਰਦੇ ਸਿੱਖਣਾ

ਮੋਬਾਈਲ ਤਕਨਾਲੋਜੀ ਦੁਆਰਾ ਵਿਦਿਅਕ ਦ੍ਰਿਸ਼ ਨੂੰ ਵੀ ਬਦਲ ਦਿੱਤਾ ਗਿਆ ਹੈ। ਨੌਜਵਾਨ ਵਿਦਿਆਰਥੀਆਂ ਕੋਲ ਹੁਣ ਬਹੁਤ ਸਾਰੇ ਵਿਦਿਅਕ ਸਰੋਤਾਂ ਤੱਕ ਪਹੁੰਚ ਹੈ ਜੋ ਰਵਾਇਤੀ ਕਲਾਸਰੂਮਾਂ ਤੋਂ ਬਾਹਰ ਸਿੱਖਣ ਦੀ ਸਹੂਲਤ ਦਿੰਦੇ ਹਨ। ਖਾਨ ਅਕੈਡਮੀ, ਡੁਓਲਿੰਗੋ, ਅਤੇ ਹੋਰ ਪਲੇਟਫਾਰਮ ਉਪਭੋਗਤਾਵਾਂ ਨੂੰ ਆਪਣੀ ਗਤੀ ਨਾਲ ਗਣਿਤ ਤੋਂ ਲੈ ਕੇ ਵਿਦੇਸ਼ੀ ਭਾਸ਼ਾਵਾਂ ਤੱਕ ਕੁਝ ਵੀ ਸਿੱਖਣ ਦੀ ਆਗਿਆ ਦਿੰਦੇ ਹਨ। ਇਹ ਵਿਹਾਰਕਤਾ ਉਹਨਾਂ ਨੂੰ ਨਾ ਸਿਰਫ਼ ਅਕਾਦਮਿਕ ਸਫਲਤਾ ਲਈ ਤਿਆਰ ਕਰਦੀ ਹੈ, ਸਗੋਂ ਇੱਕ ਵਧਦੀ ਡਿਜੀਟਲ ਨੌਕਰੀ ਬਾਜ਼ਾਰ ਲਈ ਵੀ ਤਿਆਰ ਕਰਦੀ ਹੈ, ਜਿੱਥੇ ਤਕਨੀਕੀ ਸਾਖਰਤਾ ਮਹੱਤਵਪੂਰਨ ਹੈ।

## ਦੋਧਾਰੀ ਤਲਵਾਰ

ਜਦੋਂ ਕਿ ਮੋਬਾਈਲ ਫੋਨ ਕਈ ਲਾਭ ਪ੍ਰਦਾਨ ਕਰਦੇ ਹਨ, ਉਹ ਚੁਣੌਤੀਆਂ ਵੀ ਪੇਸ਼ ਕਰਦੇ ਹਨ। ਨਿਰੰਤਰ ਡਿਜੀਟਲ ਉਤੇਜਨਾ ਡਿਜੀਟਲ ਲਤ, ਚਿੰਤਾ ਅਤੇ ਨੀਂਦ ਵਿੱਚ ਵਿਘਨ ਵਰਗੇ ਮੁੱਦਿਆਂ ਦਾ ਕਾਰਨ ਬਣ ਸਕਦੀ ਹੈ। ਜੁੜੇ ਰਹਿਣ ਦਾ ਦਬਾਅ ਅਤੇ ਗੁਆਚਣ ਦਾ ਡਰ ਆਹਮੋ-ਸਾਹਮਣੇ ਗੱਲਬਾਤ ਅਤੇ ਮਹੱਤਵਪੂਰਨ ਅਸਲ-ਜੀਵਨ ਅਨੁਭਵਾਂ ਤੋਂ ਦੂਰ ਕਰ ਸਕਦਾ ਹੈ। ਇਸ ਤੋਂ ਇਲਾਵਾ, ਗੋਪਨੀਯਤਾ ਅਤੇ ਸਾਈਬਰ ਧੱਕੇਸ਼ਾਹੀ ਦੀਆਂ ਘਟਨਾਵਾਂ ਨਾਲ ਸਬੰਧਤ ਚਿੰਤਾਵਾਂ ਔਨਲਾਈਨ ਜੀਵਨ ਦੇ ਹਨੇਰੇ ਪਹਿਲੂਆਂ ਨੂੰ ਉਜਾਗਰ ਕਰਦੀਆਂ ਹਨ, ਮਾਪਿਆਂ ਅਤੇ ਸਿੱਖਿਅਕਾਂ ਦੋਵਾਂ ਨੂੰ ਇਹ ਸਮਝਣ ਲਈ ਮਜਬੂਰ ਕਰਦੀਆਂ ਹਨ ਕਿ ਇਹਨਾਂ ਚੁਣੌਤੀਆਂ ਦੇ ਵਿਚਕਾਰ ਨੌਜਵਾਨ ਪੀੜ੍ਹੀ ਨੂੰ ਕਿਵੇਂ ਸਭ ਤੋਂ ਵਧੀਆ ਮਾਰਗਦਰਸ਼ਨ ਕਰਨਾ ਹੈ।

## ਭਵਿੱਖ ਨੂੰ ਨੈਵੀਗੇਟ ਕਰਨਾ

ਜਿਵੇਂ-ਜਿਵੇਂ ਮੋਬਾਈਲ ਤਕਨਾਲੋਜੀ ਵਿਕਸਤ ਹੁੰਦੀ ਰਹਿੰਦੀ ਹੈ, ਉਸੇ ਤਰ੍ਹਾਂ ਨੌਜਵਾਨਾਂ ਅਤੇ ਉਨ੍ਹਾਂ ਦੇ ਡਿਵਾਈਸਾਂ ਵਿਚਕਾਰ ਸਬੰਧ ਵੀ ਵਿਗੜਦੇ ਜਾਣਗੇ। ਵਰਚੁਅਲ ਅਤੇ ਵਧੀ ਹੋਈ ਹਕੀਕਤ ਦਾ ਆਗਮਨ, ਨਕਲੀ ਬੁੱਧੀ ਦੀ ਵਧਦੀ ਮੌਜੂਦਗੀ, ਅਤੇ ਮੋਬਾਈਲ ਡਿਵਾਈਸਾਂ ਦੀਆਂ ਵਧਦੀਆਂ ਸਮਰੱਥਾਵਾਂ ਰੋਜ਼ਾਨਾ ਜੀਵਨ ਵਿੱਚ ਫੋਨਾਂ ਨੂੰ ਕੇਂਦਰੀ ਤੱਤਾਂ ਵਜੋਂ ਹੋਰ ਪ੍ਰਵੇਸ਼ ਕਰਨ ਦਾ ਵਾਅਦਾ ਕਰਦੀਆਂ ਹਨ। ਮਾਪਿਆਂ, ਸਿੱਖਿਅਕਾਂ ਅਤੇ ਸਮੁੱਚੇ ਸਮਾਜ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਇੱਕ ਸੰਤੁਲਨ ਬਣਾਈ ਰੱਖਣ, ਇਹ ਯਕੀਨੀ ਬਣਾਉਣ ਕਿ ਨੌਜਵਾਨ ਸਿਹਤਮੰਦ ਆਦਤਾਂ ਅਤੇ ਅਰਥਪੂਰਨ ਅਸਲ-ਸੰਸਾਰ ਸਬੰਧਾਂ ਨੂੰ ਵਿਕਸਤ ਕਰਦੇ ਹੋਏ ਮੋਬਾਈਲ ਤਕਨਾਲੋਜੀ ਦੀ ਸ਼ਕਤੀ ਦੀ ਵਰਤੋਂ ਕਰਨ।

ਮੋਬਾਈਲ ਫੋਨਾਂ ਦੀ ਚਮਕਦਾਰ ਜ਼ਿੰਦਗੀ ਨੇ ਬਿਨਾਂ ਸ਼ੱਕ ਨੌਜਵਾਨ ਪੀੜ੍ਹੀ ਨੂੰ ਮੋਹਿਤ ਕਰ ਲਿਆ ਹੈ, ਉਨ੍ਹਾਂ ਦੇ ਸਮਾਜਿਕ ਜੀਵਨ, ਮਨੋਰੰਜਨ ਵਿਕਲਪਾਂ ਅਤੇ ਵਿਦਿਅਕ ਕੰਮਾਂ ਨੂੰ ਆਕਾਰ ਦਿੱਤਾ ਹੈ। ਸਾਰੀਆਂ ਤਕਨਾਲੋਜੀਆਂ ਵਾਂਗ, ਕੁੰਜੀ ਸੰਤੁਲਨ ਵਿੱਚ ਹੈ। ਮੋਬਾਈਲ ਕਨੈਕਟੀਵਿਟੀ ਦੇ ਲਾਭਾਂ ਦਾ ਲਾਭ ਉਠਾਉਣ ਦੇ ਨਾਲ-ਨਾਲ ਇਸ ਦੀਆਂ ਸੰਭਾਵੀ ਕਮੀਆਂ ਨੂੰ ਘਟਾਉਣਾ ਨੌਜਵਾਨ ਵਿਅਕਤੀਆਂ ਨੂੰ ਆਪਣੀ ਦੁਨੀਆ ਨੂੰ ਭਰੋਸੇ ਨਾਲ ਅਤੇ ਰਚਨਾਤਮਕ ਢੰਗ ਨਾਲ ਨੈਵੀਗੇਟ ਕਰਨ ਲਈ ਸਮਰੱਥ ਬਣਾਏਗਾ। ਜਿਵੇਂ ਕਿ ਉਹ ਭਵਿੱਖ ਨੂੰ ਆਕਾਰ ਦਿੰਦੇ ਰਹਿੰਦੇ ਹਨ, ਮੋਬਾਈਲ ਡਿਵਾਈਸਾਂ ਨਾਲ ਉਨ੍ਹਾਂ ਦੇ ਅਨੁਭਵ ਬਿਨਾਂ ਸ਼ੱਕ ਸਮੁੱਚੇ ਸਮਾਜ ‘ਤੇ ਇੱਕ ਸਥਾਈ ਵਿਰਾਸਤ ਛੱਡਣਗੇ।

# ਸਰਕਾਰੀ ਜਬਰ ਖਿਲਾਫ਼ ਸੰਯੁਕਤ ਕਿਸਾਨ ਮੋਰਚਾ ਪੰਜਾਬ ਸਾਰੇ ਜਿਲ੍ਹਿਆਂ ਵਿੱਚ ਦੇਵੇਗਾ ਮੰਗ ਪੱਤਰ

## ਅਖਾੜਾ ਗੈਸ ਫੈਕਟਰੀ ਅਤੇ ਚਾਉਕੇ ਆਦਰਸ਼ ਸਕੂਲ ਮਾਮਲੇ ਤੇ ਐਸਕੇਐਮ ਦੀ ਹੋਈ ਐਮਰਜੈਂਸੀ ਮੀਟਿੰਗ, ਅਖਾੜਾ ਵਾਸੀਆਂ ਦੇ ਹੌਂਸਲੇ ਅਤੇ ਸਿਦਕ ਨੂੰ ਸਲਾਮ: ਮਨਜੀਤ ਧਨੇਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 27 ਅਪਰੈਲ INTERNATIONAL PAPER, 94636 01616 hardipchumber57@gmail.com

ਦਲਜੀਤ ਕੌਰ

ਚੰਡੀਗੜ੍ਹ, 27 ਅਪ੍ਰੈਲ, 2025: ਸੰਯੁਕਤ ਕਿਸਾਨ ਮੋਰਚਾ ਪੰਜਾਬ ਵਿੱਚ ਸ਼ਾਮਿਲ ਜਥੇਬੰਦੀਆਂ ਦੀ ਐਮਰਜੈਂਸੀ ਆਨਲਾਈਨ ਹੋਈ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀ ਵੱਖ-ਵੱਖ ਤਬਕਿਆਂ ਅਤੇ ਸੰਘਰਸ਼ਸ਼ੀਲ ਲੋਕਾਂ ਤੇ ਕੀਤੇ ਗਏ ਜਬਰ ਦੇ ਖਿਲਾਫ ਸਾਰੇ ਜਿਲਿਆਂ ਵਿੱਚ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਦਿੱਤੇ ਜਾਣਗੇ।

ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਅਪ੍ਰੈਲ ਨੂੰ ਜ਼ਿਲਾ ਲੁਧਿਆਣਾ ਦੇ ਪਿੰਡ ਅਖਾੜਾ ਵਿਖੇ ਬਾਇਓਗੈਸ ਫੈਕਟਰੀ ਖਿਲਾਫ ਸੰਘਰਸ਼ ਕਰ ਰਹੇ ਪਿੰਡ ਦੇ ਲੋਕਾਂ ਤੇ ਜਬਰ ਦਾ ਉਚੇਚਾ ਨੋਟਿਸ ਲਿਆ ਗਿਆ।

ਐਸਕੇਐਮ ਨੇ ਵਿਚਾਰਿਆ ਕਿ ਪੰਜਾਬ ਸਰਕਾਰ ਲੋਕ ਘੋਲਾਂ ਨੂੰ ਜ਼ੁਲਮ ਤਸ਼ੱਦਦ ਨਾਲ ਦਬਾਉਣ ਦੇ ਰਾਹ ਤੁਰ ਪਈ ਹੈ। ਸਰਕਾਰ ਸਾਮਰਾਜੀ ਅਤੇ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਨ ਲਈ ਕੇਂਦਰ ਸਰਕਾਰ ਦੀ ਪੈੜ ਵਿੱਚ ਪੈੜ ਮਿਲਾ ਕੇ ਚਲਣਾ ਚਾਹੁੰਦੀ ਹੈ ਅਤੇ ਮੁਕਤ ਵਪਾਰ ਸਮਝੌਤੇ ਰਾਹੀਂ ਖੇਤੀ ਖੇਤਰ ਨੂੰ ਫੇਲ ਕਰਕੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਕਰਵਾਉਣ ਲਈ ਮੈਦਾਨ ਸਾਫ ਕਰਨਾ ਚਾਹੁੰਦੀ ਹੈ ਤਾਂ ਕਿ ਕਿਸਾਨਾਂ ਅਤੇ ਮਜ਼ਦੂਰਾਂ ਤੇ ਦਹਿਸ਼ਤ ਪਾ ਕੇ ਉਹਨਾਂ ਨੂੰ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਦੇ ਖਿਲਾਫ ਬੋਲਣ ਤੋਂ ਰੋਕਿਆ ਜਾ ਸਕੇ। ਇਸੇ ਕਾਰਨ ਆਦਰਸ਼ ਸਕੂਲ ਚਾਉਕੇ ਦੇ ਅਧਿਆਪਕਾਂ ਤੇ ਹਮਾਇਤ ਕਰਨ ਵਾਲੇ ਕਿਸਾਨ ਆਗੂਆਂ ਤੇ ਤਸ਼ੱਦਦ ਕੀਤਾ ਗਿਆ ਹੈ। ਇਸੇ ਤਰ੍ਹਾਂ ਭਾਰਤ ਮਾਲਾ ਪ੍ਰੋਜੈਕਟ ਅਧੀਨ ਆਉਂਦੀਆਂ ਜ਼ਮੀਨਾਂ ਨੂੰ ਬਿਨਾਂ ਮੁਆਵਜ਼ਾ ਦਿੱਤੇ ਹੜੱਪ ਕਰਨ ਦੇ ਖਿਲਾਫ ਲੜਨ ਵਾਲੇ ਕਿਸਾਨਾਂ ਤੇ ਜ਼ੁਲਮ ਕਰਨਾ, ਲਹਿਰਾਗਾਗਾ ਨੇੜੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਤੇ ਕਾਤਲਾਨਾ ਹਮਲਾ ਕਰਨ ਦਾ ਸਖਤ ਨੋਟਿਸ ਲਿਆ ਗਿਆ।

ਸੰਯੁਕਤ ਕਿਸਾਨ ਮੋਰਚੇ ਨੇ ਪੰਜਾਬ ਸਰਕਾਰ ਦੀ ਇਸ ਜਾਬਰ ਨੀਤੀ ਦੇ ਖਿਲਾਫ ਇੱਕਜੁੱਟਤਾ ਨਾਲ ਲੜਨ ਦਾ ਤਹੱਈਆ ਕੀਤਾ ਹੈ ਅਤੇ 28 ਅਪ੍ਰੈਲ ਨੂੰ ਸਾਰੇ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਦੇਣ ਉਪਰੰਤ 30 ਅਪ੍ਰੈਲ ਨੂੰ ਲੁਧਿਆਣਾ ਵਿਖੇ ਆਪਣੀ ਮੀਟਿੰਗ ਵੀ ਬੁਲਾ ਲਈ ਹੈ।

ਇਸ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਅਖਾੜਾ ਗੈਸ ਫੈਕਟਰੀ ਖਿਲਾਫ ਲੜਨ ਵਾਲੀ ਐਕਸ਼ਨ ਕਮੇਟੀ ਵੱਲੋਂ 30 ਅਪ੍ਰੈਲ ਨੂੰ ਮੋਰਚੇ ਦਾ ਇੱਕ ਸਾਲ ਪੂਰਾ ਹੋਣ ਤੇ ਪਿੰਡ ਅਖਾੜਾ ਵਿੱਚ ਵੱਡਾ ਪ੍ਰੋਗਰਾਮ ਕੀਤਾ ਜਾਵੇਗਾ। ਉਹਨਾਂ ਨੇ ਪੁਲਿਸ ਜ਼ਬਰ ਦੇ ਖਿਲਾਫ ਅਖਾੜਾ ਪਿੰਡ ਵਾਸੀਆਂ ਅਤੇ ਔਰਤਾਂ ਵੱਲੋਂ ਦਿਖਾਏ ਸਬਰ, ਸਿਦਕ ਅਤੇ ਹੌਸਲੇ ਨੂੰ ਸਲਾਮ ਕਰਦਿਆਂ ਕਿਹਾ ਕਿ ਜਦੋਂ ਲੋਕ ਆਪਣੀ ਆਈ ਤੇ ਆ ਜਾਣ ਤਾਂ ਉਹਨਾਂ ਨੂੰ ਕੋਈ ਵੱਡੀ ਤੋਂ ਵੱਡੀ ਤਾਕਤ ਵੀ ਹਰਾ ਨਹੀਂ ਸਕਦੀ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਪਹਿਲਾਂ ਵੀ ਇਸ ਘੋਲ ਦੀ ਡਟਵੀਂ ਹਮਾਇਤ ਕਰਦੀ ਰਹੀ ਹੈ ਅਤੇ ਇਸ ਘੋਲ ਨੂੰ ਜਿੱਤ ਤੱਕ ਲਿਜਾਣ ਲਈ ਅੱਗੇ ਵੀ ਪਿੰਡ ਅਖਾੜਾ ਦੇ ਲੋਕਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਜਾਵੇਗੀ।

# ਦ ਹਿਊਮਨ ਰਾਈਟਸ ਐਂਡ ਐਂਟੀ ਕਰਪਸ਼ਨ ਫ਼ਰੰਟ ਰਜਿ. ਪੰਜਾਬ, ਸਰਹਿੰਦ ਵੱਲੋਂ

## ਭਾਰਤ ਰਤਨ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦਾ 134 ਵਾਂ ਜਨਮ ਦਿਨ ਮਨਾਇਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 27 ਅਪਰੈਲ INTERNATIONAL PAPER, 94636 01616 hardipchumber57@gmail.com



ਅਮਲੋਹ : 26 ਅਪ੍ਰੈਲ ਦ ਹਿਊਮਨ ਰਾਈਟਸ ਐਂਡ ਐਂਟੀ ਕਰਪਸ਼ਨ ਫ਼ਰੰਟ ਰਜਿ. ਪੰਜਾਬ, ਸਰਹਿੰਦ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦਾ 134 ਵਾਂ ਜਨਮ ਦਿਨ ਮਨਾਉਂਦਿਆਂ ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਸਲਾਣੀ (ਅਮਲੋਹ ) ਵਿਖੇ ਸਕੂਲ ਚ ਪੜ੍ਹਦੇ ਵਿਦਿਆਰਥੀਆਂ ਲਈ 2 ਪੱਖੇ ਦਾਨ ਕੀਤੇ | ਇਸ ਮੌਕੇ ਫ਼ਰੰਟ ਦੇ ਸੂਬਾ ਪ੍ਰਧਾਨ ਡਾ ਐਮ ਐਸ ਰੋਹਟਾ ਨੇ ਕਿਹਾ ਕਿ ਪਿਆਰੇ ਬੱਚਿਓ ਜਿਵੇਂ ਬਾਬਾ ਸਾਹਬ ਡਾ ਭੀਮ ਰਾਓ ਅੰਬੇਡਕਰ ਜੀ ਨੇ ਅਤਿ ਦੀ ਗਰੀਬੀ ਦੇ ਬਾਵਜੂਦ ਪੜ੍ਹਾਈ ਦੇ ਖੇਤਰ ਚ ਬਹੁਤ ਵੱਡੀਆਂ ਮੱਲਾਂ ਮਾਰੀਆਂ ਤੁਸੀਂ ਵੀ ਓਹਨਾਂ ਦੇ ਜੀਵਨ ਤੋਂ ਪ੍ਰੇਰਣਾ ਲੈਂਦੇ ਹੋਏ ਆਪਣੇ ਜੀਵਨ ਵਿੱਚ ਵਿੱਦਿਆ ਨੂੰ ਐਹਮੀਅਤ ਦੇਣੀ ਹੈ ਤੇ ਬਾਬਾ ਸਾਹਿਬ ਵਾਂਗੂੰ ਤੁਸੀਂ ਵੀ ਆਪਣਾ, ਆਪਣੇ ਮਾਪਿਆਂ ਅਤੇ ਆਪਣੇ ਅਧਿਆਪਕਾਂ ਦਾ ਨਾਮ ਰੌਸ਼ਨ ਕਰਨਾ ਹੈ ਕਿਓਂਕਿ ਬਾਬਾ ਸਾਹਿਬ ਅਕਸਰ ਕਿਹਾ ਕਰਦੇ ਸੀ ਕਿ ਵਿੱਦਿਆ ਸ਼ੇਰਨੀ ਦਾ ਦੁੱਧ ਹੈ ਜੋ ਪੀਏਗਾ ਉਹੀ ਦਹਾੜੇਗਾ | ਓਹਨਾਂ ਕਿਹਾ ਕਿ ਅੱਜ ਸੋਸ਼ਲ ਮੀਡੀਆ ਦਾ ਜਮਾਨਾ ਹੈ ਬੇਸ਼ੱਕ, ਪ੍ਰੰਤੂ ਇਸ ਦੇ ਅਡਿਕ ਟਡ ਨਹੀਂ ਹੋਣਾ ਕਿਓਂਕਿ ਇਸ ਦਾ ਜ਼ਿਆਦਾ ਪ੍ਰਯੋਗ ਕਰਨ ਨਾਲ ਸਮੇਂ ਦੀ ਬਰਬਾਦੀ ਹੁੰਦੀ ਹੈ | ਇਸ ਮੌਕੇ ਫ਼ਰੰਟ ਦੇ ਸੂਬਾ ਚੇਅਰਮੈਨ ਵੈਦ ਧਰਮ ਸਿੰਘ ਸੈਣੀ, ਐਡਵਾਇਜ਼ਰੀ ਬੋਰਡ ਦੇ ਚੇਅਰਮੈਨ ਸੇਵਾ ਮੁਕਤ ਇੰਸਪੈਕਟਰ ਜਗਬੀਰ ਸਿੰਘ,ਕਮਲਜੀਤ ਸਿੰਘ ਬੈਂਸ ਸੂਬਾ ਇੰਚਾ : ਫਾਰਮਰ ਵਿੰਗ,ਭਗਤ ਸਿੰਘ ਚੌਹਾਨ, ਜਿਲ੍ਹਾ ਫਤਹਿਗੜ੍ਹ ਸਾਹਿਬ ਦੇ ਪ੍ਰਧਾਨ ਸੇਵਾ ਮੁਕਤ ਕੈਪਟਨ ਕੇਸਰ ਸਿੰਘ, ਅਮਲੋਹ ਦੇ ਪ੍ਰਧਾਨ ਸੂਬੇਦਾਰ ਗੁਰਮੁਖ ਸਿੰਘ ,ਸਕੂਲ ਦੇ ਮੁੱਖ ਅਧਿਆਪਕ ਪ੍ਰਵੀਨ ਕੁਮਾਰ, ਅਧਿਆਪਿਕਾ ਸਤਿੰਦਰ ਕੌਰ, ਅਧਿਆਪਕ ਸਤਵੀਰ ਸਿੰਘ ਅਤੇ ਐਸ ਐਮ ਸੀ ਚੇਅਰਮੈਨ ਪਰਮਿੰਦਰ ਸਿੰਘ ਆਦਿ ਹਾਜ਼ਿਰ ਸਨ

# ਅਖਾੜਾ ਬਾਇਓ ਗੈਸ ਫੈਕਟਰੀ ਬੰਦ ਕਰਵਾਉਣ ਲਈ ਸੰਘਰਸ਼

## ਜਥੇਬੰਦਕ ਏਕੇ ਨੇ ਗ੍ਰਿਫ਼ਤਾਰ ਕੀਤੇ ਆਗੂਆਂ ਨੂੰ ਰਿਹਾਅ ਕਰਨ ਲਈ ਮਜਬੂਰ ਕੀਤਾ: ਮਨਜੀਤ ਧਨੇਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 27 ਅਪਰੈਲ INTERNATIONAL PAPER, 94636 01616 hardipchumber57@gmail.com



ਦਲਜੀਤ ਕੌਰ

ਬਰਨਾਲਾ, 27 ਅਪ੍ਰੈਲ, 2025: ਕੱਲ੍ਹ ਸਵੇਰੇ 4 ਵਜੇ ਪੁਲਿਸ ਦੀਆਂ ਵੱਡੀਆਂ ਧਾੜਾਂ ਵੱਲੋਂ ਗ੍ਰਿਫ਼ਤਾਰ ਕੀਤੇ ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ, ਬਰਨਾਲਾ ਜ਼ਿਲ੍ਹੇ ਦੇ ਪ੍ਰਧਾਨ ਕੁਲਵੰਤ ਸਿੰਘ ਭਦੌੜ, ਸੀਨੀਅਰ ਮੀਤ ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰਾ, ਸ਼ਹਿਣਾ ਬਲਾਕ ਦੇ ਸਕੱਤਰ ਕਾਲਾ ਜੈਦ, ਬਰਨਾਲਾ ਬਲਾਕ ਦੇ ਆਗੂ ਬਲਵੰਤ ਸਿੰਘ ਠੀਕਰੀਵਾਲਾ ਨੂੰ ਦੇਰ ਸ਼ਾਮ ਲੋਕ ਤਾਕਤ ਨੇ ਪੁਲਿਸ ਨੂੰ ਰਿਹਾਅ ਕਰਨ ਲਈ ਮਜ਼ਬੂਰ ਕਰ ਦਿੱਤਾ। ਸੀਆਈਏ ਹੰਢਿਆਇਆ ਤੋਂ ਰਿਹਾਅ ਹੋਣ ਉਪਰੰਤ ਗੱਲਬਾਤ ਕਰਦਿਆਂ ਆਗੂਆਂ ਕਿਹਾ ਕਿ 26 ਮਾਰਚ 2025 ਦਿਨ ਸ਼ੁੱਕਰਵਾਰ ਨੂੰ ਪਿੰਡ ਅਖਾੜਾ ਵਿੱਚ ਬਾਇਓ ਗੈਸ ਫੈਕਟਰੀ ਬੰਦ ਕਰਵਾਉਣ ਲਈ ਚੱਲ ਰਹੇ ਸੰਘਰਸ਼ ਨੂੰ ਤਾਰਪੀਡੋ ਕਰਨ ਲਈ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੁਲਿਸ ਵੱਲੋਂ ਜਾਬਰ ਹੱਲਾ ਬੋਲਦਿਆਂ ਦਿਨ ਚੜ੍ਹਨ ਤੋਂ ਪਹਿਲਾਂ ਹੀ ਮੋਰਚੇ ਨੂੰ ਜ਼ਬਰੀ ਉਖਾੜ ਦਿੱਤਾ ਗਿਆ ਸੀ। ਧਰਨੇ ਤੇ ਬੈਠੇ ਪਿੰਡ ਅਖਾੜਾ ਦੇ ਕਿਸਾਨ ਮਰਦ ਔਰਤਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਅਖਾੜਾ ਪਿੰਡ ਵਿੱਚ ਗੁਰਦੁਆਰਾ ਸਾਹਿਬ ਵਿੱਚ ਚੱਲ ਰਹੇ ਸਪੀਕਰ ਨੂੰ ਵੀ ਬੰਦ ਕਰਵਾ ਦਿੱਤਾ ਗਿਆ। ਪੁਲਿਸ ਦੇ ਇਸ ਜ਼ਬਰ ਦਾ ਅਖਾੜਾ ਪਿੰਡ ਦੇ ਜੁਝਾਰੂ ਕਿਸਾਨ ਮਰਦ-ਔਰਤਾਂ ਨੇ ਜ਼ਬਰ ਦਾ ਪੂਰੀ ਸਿਦਕ ਦਿਲੀ ਨਾਲ ਟਾਕਰਾ ਕੀਤਾ।

ਇਸੇ ਹੀ ਤਰ੍ਹਾਂ ਲੁਧਿਆਣਾ ਜ਼ਿਲ੍ਹੇ ਦੇ ਆਗੂਆਂ ਜਗਤਾਰ ਸਿੰਘ ਦੇਹੜਕਾ, ਇੰਦਰਜੀਤ ਸਿੰਘ ਜਗਰਾਓ, ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਸਮੇਤ ਅਨੇਕਾਂ ਆਗੂਆਂ ਦੇ ਘਰਾਂ ਵਿੱਚ ਵੀ ਛਾਪੇਮਾਰੀ ਕੀਤੀ ਗਈ। ਜਗਰਾਓਂ ਬਲਾਕ ਦੇ ਪ੍ਰਧਾਨ ਤਰਸੇਮ ਸਿੰਘ ਬੱਸੂਵਾਲ ਨੂੰ ਗ੍ਰਿਫਤਾਰ ਕਰਨ ਗਈ ਪੁਲਿਸ ਨੂੰ ਪਿੰਡ ਬੱਸੂਵਾਲ ਦੀਆਂ ਜੁਝਾਰੂ ਔਰਤਾਂ ਨੇ ਘੇਰਕੇ ਬੇਰੰਗ ਭੇਜਿਆ ਸੀ। ਇਸ ਜ਼ਬਰ ਖ਼ਿਲਾਫ਼ ਟਾਕਰਾ ਕਰਦਿਆਂ ਅਖਾੜਾ ਅਤੇ ਆਲੇ ਦੁਆਲੇ ਦੇ ਪਿੰਡਾਂ ਨੇ ਪੁਲਿਸ ਦਾ ਪਾਲਿਆ ਭਰਮ ਚਕਨਾਚੂਰ ਕਰਦਿਆਂ ਬਰਨਾਲਾ-ਜਗਰਾਓਂ ਸੜਕ ਜਾਮ ਕਰ ਦਿੱਤੀ ਸੀ। ਪੁਲਿਸ ਦੀ ਨਾਕੇਬੰਦੀ ਭੰਨਦਿਆਂ ਸੈਂਕੜਿਆਂ ਦੀ ਗਿਣਤੀ ਵਿੱਚ ਕਿਸਾਨ -ਮਜ਼ਦੂਰ ਮਰਦ ਔਰਤਾਂ ਦੇ ਕਾਫ਼ਲੇ ਸ਼ਾਮਿਲ ਹੋ ਗਏ ਸਨ। ਭਾਰੀ ਪੁਲਿਸ ਨਫ਼ਰੀ ਦੁਆਰਾ ਕੁੱਝ ਨੌਜਵਾਨਾਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਵੀ ਲੋਕਾਂ ਨੇ ਨਾਕਾਮ ਕਰ ਦਿੱਤੀ ਸੀ। ਸਮੁੱਚੇ ਪੰਜਾਬ ਵਿੱਚ ਹਕੂਮਤ ਦੇ ਜ਼ਬਰ ਖ਼ਿਲਾਫ਼ ਰੋਹ ਉਬਾਲੇ ਖਾਣ ਲੱਗ ਪਿਆ ਸੀ। ਲੋਕ ਕਾਫ਼ਲੇ ਨੇ ਅਖਾੜਾ ਬਾਇਓ ਗੈਸ ਫੈਕਟਰੀ ਬੰਦ ਕਰਵਾਉਣ ਲਈ ਚੱਲ ਰਹੇ ਸੰਘਰਸ਼ ਨੂੰ ਪੁਲਿਸ ਜ਼ਬਰ ਰਾਹੀਂ ਤਾਰਪੀਡੋ ਕਰਨ ਦੀ ਸਾਜ਼ਿਸ਼ ਮਿੱਟੀ ਵਿੱਚ ਮਿਲਾਉਂਦਿਆਂ ਮੁੜ ਬਾਇਓ ਗੈਸ (ਕੈਂਸਰ) ਫੈਕਟਰੀ ਅੱਗੇ ਧਰਨਾ ਸ਼ੁਰੂ ਕਰਨ ਵਿੱਚ ਕਾਮਯਾਬ ਹੋ ਗਏ ਸਨ। ਭਾਕਿਯੂ ਏਕਤਾ ਡਕੌਂਦਾ ਦੀ ਅਗਵਾਈ ਵਿੱਚ ਲੜੇ ਜਾ ਰਹੇ ਜਥੇਬੰਦਕ ਸੰਘਰਸ਼ ਰਿਹਾਅ ਕਰਨ ਲਈ ਮਜ਼ਬੂਰ ਕਰ ਦਿੱਤਾ। ਸੂਬਾ ਮੀਤ ਪ੍ਰਧਾਨ ਅਮਨਦੀਪ ਸਿੰਘ ਲਲਤੋਂ ਸਮੇਤ ਗ੍ਰਿਫ਼ਤਾਰ ਕੀਤੇ ਸਾਰੇ ਆਗੂਆਂ ਨੂੰ ਰਿਹਾਅ ਕਰਨ ਉਪਰੰਤ ਸਮਾਪਤ ਕੀਤਾ।

ਆਗੂਆਂ ਨਾਨਕ ਸਿੰਘ ਅਮਲਾ ਸਿੰਘ ਵਾਲਾ, ਸਤਨਾਮ ਸਿੰਘ ਮੂੰਮ, ਸੱਤਪਾਲ ਸਿੰਘ ਸਹਿਜੜਾ, ਕੁਲਵੰਤ ਸਿੰਘ ਹੰਢਿਆਇਆ, ਵਾਹਿਗੁਰੂ ਸਿੰਘ, ਗੁਰਮੀਤ ਸਿੰਘ ਬਰਨਾਲਾ ਨੇ ਅਖਾੜਾ ਪਿੰਡ ਦੀ ਅਣਖੀਲੀ ਮਿੱਟੀ ਦੇ ਵਾਰਸਾਂ ਅਤੇ ਸੰਘਰਸ਼ ਦੀ ਅਗਵਾਈ ਕਰਨ ਵਾਲੀ ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਜੁਝਾਰੂ ਕਾਫ਼ਲਿਆਂ ਨੂੰ ਸਲਾਮ ਆਖੀ। ਇਸ ਪੂਰੇ ਸੰਘਰਸ਼ ਦੀ ਕਵਰੇਜ ਕਰਨ ਵਾਲੇ ਸੋਸ਼ਲ ਮੀਡੀਆ,ਪ੍ਰਿੰਟ ਮੀਡੀਆ ਅਤੇ ਇਲੈਕਟ੍ਰਾਨਿਕ ਮੀਡੀਆ ਕਰਮੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਮਾਤਾ ਕੁਸ਼ੱਲਿਆ ਦੇਵੀ ਨਮਿਤ ਬਰਸੀ ਸਮਾਗਮ ਭਲਕੇ

## ਮਾਤਾ ਜੀ ਨੂੰ ਸ਼ਰਧਾਂਜਲੀ ਵਜੋਂ ਖੂਨਦਾਨ ਕੈਂਪ ਦਾ ਹੋਵੇਗਾ ਆਯੋਜਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 27 ਅਪਰੈਲ INTERNATIONAL PAPER, 94636 01616 hardipchumber57@gmail.com

ਆਤਮਾ ਸਿੰਘ ਪਮਾਰ

ਮਾਤਾ ਸ੍ਰੀ ਮਤੀ ਕੁਸ਼ੱਲਿਆ ਦੇਵੀ ਰੱਲਾ ਪਤਨੀ ਸਵ. ਸ਼੍ਰੀ ਸੰਪੂਰਨ ਚੰਦ ਰੱਲਾ ਦੀ 12ਵੀਂ ਬਰਸੀ ਸਬੰਧੀ ਸ਼ਰਧਾਂਜਲੀ ਸਮਾਗਮ ਅਤੇ ਖੂਨ ਦਾਨ ਕੈਂਪ ਸਥਾਨਕ ਨਾਨਕ ਮੱਲ ਧਰਮਸ਼ਾਲਾ ਨੇੜੇ ਰੇਲਵੇ ਸਟੇਸ਼ਨ ਮਾਨਸਾ ਵਿਖੇ ਲਗਾਇਆ ਜਾਵੇਗਾ। ਮਾਤਾ ਜੀ ਦਾ ਸਮੁੱਚਾ ਜੀਵਨ ਮਿਹਨਤ ਮੁਸ਼ੱਕਤ ਅਤੇ ਸੰਘਰਸ਼ਾਂ ਭਰਿਆ ਰਿਹਾ, ਹੈ ਕਿਉਂ ਕਿ ਛੋਟੀ ਉਮਰੇ ਹੀ ਪਤੀ ਦਾ ਛਾਇਆ ਉਨ੍ਹਾਂ ਦੇ ਸਿਰ ਤੋਂ ਉਠ ਗਿਆ ਸੀ। ਅਜਿਹੇ ਬਦਤਰ ਹਾਲਤਾਂ 'ਚ ਖੁਦ ਅਨਪੜ੍ਹ ਹੁੰਦਿਆਂ ਹੋਇਆਂ ਵੀ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਨ ਤੋਂ ਇਲਾਵਾ ਉੱਚਪਾਏ ਦੀ ਸਿੱਖਿਆ ਅਤੇ ਸੰਸਕਾਰ ਮੁਹੱਈਆ ਕਰਵਾਉਣ 'ਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ। ਮਾਤਾ ਜੀ ਦੀ ਸੁਲੱਖਣੀ ਕੁੱਖੋਂ ਤਿੰਨ ਪੁੱਤਰ ਅਤੇ ਤਿੰਨ ਪੁੱਤਰੀਆਂ ਨੇ ਜਨਮ ਲਿਆ। ਮਾਤਾ ਜੀ ਦੇ ਵੱਡੇ ਸਪੁੱਤਰ ਡਾ.ਧੰਨਾ ਮੱਲ ਗੋਇਲ ਵੱਖ ਵੱਖ ਜੱਥੇਬੰਦੀਆਂ ਅਤੇ ਸੰਸਥਾਵਾਂ 'ਚ ਮੋਹਰੀ ਭੂਮਿਕਾ ਨਿਭਾਉਣ ਤੋਂ ਇਲਾਵਾ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਵਜੋਂ ਸ਼ਾਨਮੱਤੀਆਂ ਸੇਵਾਵਾਂ ਦੇ ਰਹੇ ਹਨ। ਛੋਟੇ ਸਪੁੱਤਰ ਵਲਾਇਤੀ ਰਾਮ ਦਾ ਮਾਨਸਾ ਸ਼ਹਿਰ 'ਚ ਹੀ ਆਪਣਾ ਚੰਗਾ ਕਾਰੋਬਾਰ ਹੈ ਅਤੇ ਉਹ ਵੀ ਸ਼ਹਿਰ ਦੀਆਂ ਕੁੱਝ ਸੰਸਥਾਵਾਂ ਨਾਲ ਜੁੜੇ ਹੋਏ ਹਨ,ਅਤੇ ਇਹਨਾਂ ਦੇ ਸਭ ਤੋਂ ਛੋਟੇ ਸਪੁੱਤਰ ਅਸ਼ੋਕ ਕੁਮਾਰ ਗੋਇਲ ਪੰਜਾਬ ਰਾਜ ਬਿਜਲੀ ਬੋਰਡ ਚੋਂ ਲਾਈਨ ਮੈਨ ਸੇਵਾ ਮੁਕਤ ਹੋਣ ਉਪਰੰਤ ਪੰਜਾਬ ਮਹਾਂਵੀਰ ਦਲ ਮਾਨਸਾ ਦੇ ਬਤੌਰ ਪ੍ਰਧਾਨ ਸੇਵਾਵਾਂ ਨਿਭਾ ਰਹੇ ਹਨ। ਮਾਤਾ ਜੀ ਦੀ ਫੁਲਵਾੜੀ ਚੋਂ ਵੱਡੇ ਪੋਤਰੇ ਡਾ.ਰਮਨ ਗੋਇਲ ਬਤੌਰ ਚੀਫ ਮੈਡੀਕਲ ਅਫਸਰ ਅਰਧ ਸੈਨਿਕ ਬਲ ਆਈ .ਟੀ. ਬੀ. ਪੀ 'ਚ ਸੇਵਾਵਾਂ ਦੇ ਰਹੇ ਹਨ। ਮਨੀਸ਼ ਗੋਇਲ ਆਮਦਨ ਕਰ ਵਿਭਾਗ 'ਚ ਆਈ.ਟੀ.ਓ ਵਜੋਂ ਤਾਇਨਾਤ ਹਨ ਅਤੇ ਅਮਨ ਗੋਇਲ ਬੈਂਕਿੰਗ ਸਰਵਿਸਿਜ਼ 'ਚ ਬਤੌਰ ਪਰਬੇਸਨਰੀ ਅਫਸਰ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਅਕੁੰਸ਼ ਗੋਇਲ ਕੇਂਦਰੀ ਆਡਿਟ ਜਨਰਲ 'ਚ ਸਹਾਇਕ ਅਧਿਕਾਰੀ ਦੇ ਤੌਰ 'ਤੇ ਤਾਇਨਾਤ ਹਨ,ਅਤੇ ਸੁਨੀਤ ਗੋਇਲ ਇਫਕੋ ਵਿੱਚ ਫੀਲਡ ਰੀਪਰਜੈਂਟੇਟਿਵ ਹਨ। ਇੰਨ੍ਹਾਂ ਦੀ ਪੋਤਰੀ ਸਿੱਖਿਆ ਵਿਭਾਗ ਪੰਜਾਬ 'ਚ ਮੈਥ ਮਿਸਟਰੈਸ ਵਜੋਂ ਸੇਵਾਵਾਂ ਨਿਭਾ ਰਹੇ ਹਨ। ਇਸ ਲਈ ਕਿਹਾ ਜਾ ਸਕਦਾ ਹੈ ਮਾਤਾ ਜੀ ਦਾ ਸਮੁੱਚਾ ਪਰਿਵਾਰ ਜਿੱਥੇ ਨਿੱਜੀ ਤੌਰ 'ਤੇ ਪੂਰੀ ਤਰ੍ਹਾਂ ਖੁਸ਼ਹਾਲ ਜੀਵਨ ਬਸਰ ਕਰ ਰਿਹਾ




ਹੈ ਉੱਥੇ ਨਾਲ ਹੀ ਸਮਾਜ 'ਚ ਵਿਚਰਦਿਆਂ ਵੱਖ ਵੱਖ ਭਲਾਈ ਸੰਗਠਨਾਂ 'ਚ ਵੀ ਆਪਣੀਆਂ ਜ਼ਿੰਮੇਵਾਰੀਆਂ ਬਾਖੂਬੀ ਨਿਭਾ ਰਿਹਾ ਹੈ। ਮਾਤਾ ਜੀ ਦੇ ਪਰਿਵਾਰ ਦੀਆਂ ਨੂੰਹਾਂ ਅਤੇ ਪੋਤ ਨੂੰਹਾਂ ਵੀ ਉੱਚ ਸਿੱਖਿਆ ਪ੍ਰਾਪਤ ਹਨ ਅਤੇ ਉੱਚ ਅਹੁਦਿਆਂ 'ਤੇ ਸੇਵਾਵਾਂ ਨਿਭਾਅ ਰਹੀਆਂ ਹਨ।ਪਰਿਵਾਰ ਵੱਲੋਂ ਮਾਤਾ ਜੀ ਨਮਿਤ ਰੱਖੇ ਗਏ ਬਰਸੀ ਸਮਾਗਮ ਸਮੇਂ ਉਹਨਾਂ ਦੀ ਨਿੱਘੀ ਯਾਦ 'ਚ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਇੱਕ ਖੂਨਦਾਨ ਕੈਂਪ ਦਾ ਆਯੋਜਨ ਵੀ ਕੀਤਾ ਜਾ ਰਿਹਾ ਹੈ।

# ਡੈਮੋਕਰੇਟਿਕ ਹਿਊਮਨ ਪਾਵਰ ਆਰਗਨਾਈਜੇਸ਼ਨ ਪੰਜਾਬ ਵੱਲੋਂ ਪੰਛੀ ਬਚਾਓ ਮੁਹਿੰਮ ਦੀ ਸ਼ੁਰੂਆਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪ੍ਰੈਲ INTERNATIONAL PAPER, 94636 01616 hardipchumber57@gmail.com



ਸੰਗਰੂਰ,27 ਅਪ੍ਰੈਲ (ਜਗਸੀਰ ਲੌਂਗੋਵਾਲ)- ਸਮਾਜ ਸੇਵਾ ਦੇ ਖੇਤਰ 'ਚ ਆਪਣੀ ਇੱਕ ਵੱਖਰੀ ਪਹਿਚਾਣ ਬਣਾਉਣ ਵਾਲੀ ਸੂਬੇ ਦੀ ਨਾਮਵਰ ਸੰਸਥਾ ਡੈਮੋਕਰੇਟਿਕ ਹਿਊਮਨ ਪਾਵਰ ਆਰਗੇਨਾਈਜੇਸ਼ਨ ਵੱਲੋਂ ਦਿਨੋਂ ਦਿਨ ਵੱਧਦੀ ਜਾ ਰਹੀ ਗਰਮੀ ਨੂੰ ਦੇਖਦੇ ਹੋਏ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਛੀ ਬਚਾਓ ਮੁਹਿੰਮ ਦਾ ਆਗਾਜ਼ ਕਰਦੇ ਹੋਏ ਸੰਸਥਾਂ ਦੀ ਸੰਗਰੂਰ ਟੀਮ ਵੱਲੋਂ ਸ਼ਹਿਰ ਦੇ ਵੱਖ ਵੱਖ ਚੌਂਕਾਂ ਅਤੇ ਹੋਰ ਜਨਤਕ ਮਾਂ ਥਾਵਾਂ ਉੱਪਰ ਜਿੱਥੇ ਪੰਛੀਆਂ ਅਤੇ ਵੀ ਬੇਸਹਾਰਾ ਜਾਨਵਰਾਂ ਦੇ ਲਈ ਪੀਣ ਚ ਵਾਲੇ ਪਾਣੀ ਦਾ ਪ੍ਰਬੰਧ ਹੋ ਸਕੇ ਉਹਨਾਂ ਏ ਜਨਤਕ ਥਾਵਾਂ ਉੱਤੇ ਵਰਕਰਾਂ ਦੇ ਸਹਿਯੋਗ ਨਾਲ ਵੱਡੀ ਗਿਣਤੀ ਵਿੱਚ ਮਿੱਟੀ ਦੇ ਭਾਂਡੇ ਰੱਖੇ ਗਏ ਹਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਰਗੇਨਾਈਜੇਸ਼ਨ ਦੇ ਪੰਜਾਬ ਪ੍ਰਧਾਨ ਸ੍ਰੀ ਕੁਲਦੀਪ ਸ਼ਰਮਾ ਅਤੇ ਵਿਕਰਾਂਤ ਕੁਮਾਰ ਸੈਕਟਰੀ ਪੰਜਾਬ ਨੇ ਕਿਹਾ ਕਿ ਇਸ ਸਮੇਂ ਸੂਬੇ ਵਿੱਚ ਮਾਰੂ ਗਰਮੀ ਪੈ ਰਹੀ ਹੈ ਜਿਸ ਕਰਕੇ ਇਨਸਾਨਾਂ ਦਾ ਗਰਮੀ ਨਾਲ ਬਹੁਤ ਬੁਰਾ ਹਾਲ ਹੋ ਰਿਹਾ ਹੈ ਤਾਂ ਅਜਿਹੇ ਵਿੱਚ ਅਸਮਾਨ ਵਿੱਚ ਉੱਡਦੇ ਬੇਜ਼ੁਬਾਨ ਪੰਛੀਆਂ ਅਤੇ ਸੜਕਾਂ ਉੱਤੇ ਘੁੰਮਦੇ ਬੇਸਹਾਰਾ ਜਾਨਵਰਾਂ ਦਾ ਪਾਣੀ ਤੋਂ ਬਿਨਾਂ ਕੀ ਹਾਲ ਹੁੰਦਾ ਹੋਵੇਗਾ ਇਸ ਸਥਿੱਤੀ ਨੂੰ ਮੁੱਖ ਰੱਖਦੇ ਹੋਏ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੰਸਥਾਂ ਵੱਲੋਂ ਪੰਛੀਆਂ ਦੇ ਲਈ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ ਦੇ ਉਦੇਸ਼ ਨਾਲ ਜ਼ਿਲ੍ਹਾ ਸੰਗਰੂਰ ਤੋਂ ਪੰਛੀ ਬਚਾਓ ਮੁਹਿੰਮ ਦੀ ਸ਼ੁਰੂਆਤ ਕਰਦੇ ਹੋਏ ਸ਼ਹਿਰ ਦੀਆਂ ਵੱਖ ਵੱਖ ਥਾਵਾਂ ਉੱਤੇ ਵੱਡੀ ਗਿਣਤੀ ਵਿੱਚ ਮਿੱਟੀ ਦੇ ਨਵੇਂ ਭਾਂਡੇ ਰੱਖੇ ਗਏ ਹਨ। ਉਹਨਾਂ ਕਿਹਾ ਕਿ ਗਰਮੀ ਵਿੱਚ ਸੜਕਾਂ ਉੱਤੇ ਘੁੰਮਦੇ ਬੇਸਹਾਰਾ ਜਾਨਵਰ ਅਤੇ ਆਸਮਾਨ ਵਿੱਚ ਉੱਡਦੇ ਪੰਛੀਆਂ ਨੂੰ ਵੀ ਜਿੰਦਾ ਰਹਿਣ ਲਈ ਪਾਣੀ ਦੀ ਉਨੀਂ ਹੀ ਲੋੜ ਹੁੰਦੀ ਹੈ ਜਿੰਨ੍ਹੀ ਕਿ ਇਨਸਾਨ ਨੂੰ ਇਸ ਲਈ ਉਹਨਾਂ ਦੀ ਸੰਸਥਾ ਵੱਲੋਂ ਸਮੇ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇਹ ਮੁਹਿੰਮ ਪੰਜਾਬ ਦੇ ਹੋਰਨਾਂ ਜ਼ਿਲਿਆਂ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਵਰਕਰ ਅੱਗੇ ਲੈ ਕੇ ਜਾਣਗੇ। ਇਸ ਮੌਕੇ ਪੰਜਾਬ ਪ੍ਰਧਾਨ ਸ੍ਰੀ ਕੁਲਦੀਪ ਸ਼ਰਮਾ ਨੇ ਮੀਡੀਆ ਰਾਹੀਂ ਹੋਰਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਹਨਾਂ ਬੇਜ਼ੁਬਾਨ ਪੰਛੀਆਂ ਨੂੰ ਬਚਾਉਣ ਲਈ ਆਪਣੀਆਂ ਛੱਤਾਂ ਉੱਪਰ ਤੇ ਆਪਣੇ ਨੇੜਲੇ ਪਾਰਕਾਂ ਵਿੱਚ ਪਾਣੀ ਦੇ ਭਾਂਡੇ ਜਰੂਰ ਰੱਖਣ। ਇਸ ਮੌਕੇ ਅਜੇ ਕੁਮਾਰ ਜ਼ਿਲ੍ਹਾ ਸੰਗਰੂਰ ਕਮੇਟੀ ਮੈਂਬਰ, ਮਨਦੀਪ ਸੈਣੀ ਮੈਂਬਰ, ਲਲਿਤ ਕੁਮਾਰ ਮੈਂਬਰ,ਜੱਸੀ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਸਥਾਂ ਦੇ ਮੈਂਬਰ ਹਾਜ਼ਰ ਸਨ।

# ਸੁਰੱਖਿਅਤ ਰਸੋਈ ਗੈਸ ਸਿਲੰਡਰ ਦੀ ਜਾਣਕਾਰੀ ਨਾ ਹੋਣ ਕਾਰਨ ਵਾਪਰ ਰਹੇ ਹਾਦਸੇ : ਡਾ ਨਵਦੀਪ ਕੌਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪ੍ਰੈਲ INTERNATIONAL PAPER, 94636 01616 hardipchumber57@gmail.com

ਜ਼ੀਰਾ 27 ਅਪ੍ਰੈਲ ( ਅੰਗਰੇਜ਼ ਬਰਾੜ ) - ਭਾਰਤ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲਾ ਨਵੀਂ ਦਿੱਲੀ ( ਭਾਰਤ ਸਰਕਾਰ ) ਵੱਲੋਂ ਲੋਕਾਂ ਨੂੰ ਦਿੱਤੇ ਗਏ ਰਸੋਈ ਵਾਲੇ ਐੱਲ ਪੀ ਜੀ ਗੈਸ ਸਿਲੰਡਰਾਂ ਦੇ ਕਾਰਨ ਜਿੱਥੇ ਲੋਕਾਂ ਨੂੰ ਖਾਸਕਰ ਔਰਤਾਂ ਨੂੰ ਰਸੋਈ ਦਾ ਕੰਮਕਾਰ ਜਿਵੇਂ ਚਾਹ, ਸਬਜ਼ੀ, ਰੋਟੀ ਆਦਿ ਹੋਰ ਪਕਵਾਨ ਬਣਾਉਣ ਵਿੱਚ ਵੱਡੀ ਸਹੂਲਤ ਮਿਲੀ ਹੈ, ਉੱਥੇ ਖਪਤਕਾਰਾਂ ਨੂੰ ਰਸੋਈ ਦੇ ਗੈਸ ਸਿਲੰਡਰ ਦੀ ਰੱਖ ਰਖਾਵ ਦੀ ਪ੍ਰੋਪਰ ਜਾਣਕਾਰੀ ਨਾ ਹੋਣ ਕਾਰਨ ਰਸੋਈ ਗੈਸ ਦੇ ਫਟਣ ਕਾਰਨ ਵੱਡੇ ਵੱਡੇ ਹਾਦਸੇ ਹੋ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਰਾਜਸਥਾਨ ਦੇ ਗੰਗਾਨਗਰ ਜ਼ਿਲ੍ਹੇ ਦੇ ਪਿੰਡ ਪੰਜ ਕੇ ਕੇ ਦੀ ਸਰਪੰਚ ਅਤੇ ਉੱਘੀ ਲਿਖਿਕਾ ਡਾਕਟਰ ਨਵਦੀਪ ਕੌਰ ਸਰਪੰਚ ਨੇ ਇਸ ਪੱਤਰਕਾਰ ਕੋਲ ਕੀਤਾ। ਉਹਨਾਂ ਕਿਹਾ ਕਿ ਰਸੋਈ ਗੈਸ ਦੇ ਫਟਣ ਦੇ ਕਾਰਨ ਵੱਡੀਆਂ ਵੱਡੀਆਂ ਬਿਲਡਿੰਗਾਂ ਤਬਾਹ ਹੋਣ ਦੇ ਨਾਲ ਅਨੇਕਾਂ ਕੀਮਤੀ ਜਾਨਾਂ ਜਾ ਚੁੱਕੀਆਂ ਹਨ ਪਰ ਨਾ ਤਾਂ ਭਾਰਤ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਵੱਲੋਂ ਅਤੇ ਨਾ ਹੀ ਲੋਕਾਂ ਦੇ ਘਰਾਂ ਤੱਕ ਰਸੋਈ ਗੈਸ ਸਿਲੰਡਰ ਪਹੁਚਾਉਣ ਵਾਲੀ ਸਬੰਧਤ ਗੈਸ ਏਜੰਸੀ ਵੱਲੋਂ ਰਸੋਈ ਗੈਸ ਸਿਲੰਡਰ ਦੇ ਖਪਤਕਾਰਾਂ ਨੂੰ ਇਸ ਬਾਰੇ ਪੁਖਤਾ ਜਾਣਕਾਰੀ ਨਹੀਂ ਦਿੱਤੀ ਜਾ ਰਹੀ। ਡਾਕਟਰ ਨਵਦੀਪ ਕੌਰ ਸਰਪੰਚ ਨੇ ਅੱਗੇ ਕਿਹਾ ਕਿ ਜਦ ਕਿ ਭਾਰਤ ਪੈਟਰੋਲੀਅਮ ਅਤੇ ਸਬੰਧਤ ਗੈਸ ਏਜੰਸੀ ਵੱਲੋਂ ਲੋਕਾਂ ਨੂੰ ਸੈਮੀਨਾਰ ਜਾਂ ਵਰਕਸ਼ਾਪਾਂ ਲਗਾ ਕੇ ਇਸ ਦੀ ਸਹੀ ਸਾਂਭ ਸੰਭਾਲ ਬਾਰੇ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਮੰਤਰਾਲੇ ਵੱਲੋਂ ਮੀਡੀਆ ਰਾਹੀਂ ਵੀ ਲੋਕਾਂ ਨੂੰ ਜਾਣਕਾਰੀ ਦੇਣ ਦੀ ਜਰੂਰਤ ਹੈ। ਡਾਕਟਰ ਨਵਦੀਪ ਕੌਰ ਸਰਪੰਚ ਨੇ ਕਿਹਾ ਕਿ ਘਰੇਲੂ ਗੈਸ ਕੰਪਨੀਆਂ ਵੱਲੋਂ ਰਸੋਈ ਗੈਸ ਦੁਰਘਟਨਾ ਬਾਰੇ ਨਾ ਤਾਂ ਲੋਕਾਂ ਨੂੰ ਦੱਸਿਆ ਜਾ ਰਿਹਾ ਹੈ ਅਤੇ ਨਾ ਹੀ ਪੀੜਤ ਲੋਕਾਂ ਨੂੰ ਮੁਆਵਜ਼ਾ ਦਿੱਤਾ ਜਾਂਦਾ ਹੈ! ਉਹ ਭਾਰਤ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲਾ



ਭਾਰਤ ਸਰਕਾਰ ਨੂੰ ਅਪੀਲ ਕਰਦੇ ਹਨ ਕਿ ਰਸੋਈ ਗੈਸ ਦੇ ਰੱਖ ਰਖਾਵ ਉਸ ਦੀ ਪਾਈਪ ਆਦਿ ਬਾਰੇ ਲੋਕਾਂ ਨੂੰ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਜਾਵੇ ਅਤੇ ਗੈਸ ਦੁਰਘਟਨਾ ਕਾਰਨ ਹੋਏ ਨੁਕਸਾਨ ਬਾਰੇ ਅਤੇ ਸਰਕਾਰ ਵੱਲੋਂ ਰਸੋਈ ਗੈਸ ਪੀੜਤਾਂ ਨੂੰ ਕੀ ਸਹਾਇਤਾ ਦਿੱਤੀ ਜਾਂਦੀ ਹੈ, ਉਸ ਬਾਰੇ ਵੀ ਦੱਸਿਆ ਜਾਵੇ।

# ਸੋਸ਼ਲ ਮੀਡੀਆ ਦੀ ਸਹੀ ਵਰਤੋਂ ਵਰਦਾਨ ਸਾਬਤ ਹੋ ਰਹੀ ਹੈ : ਜੰਨਿੰਦਰ ਜੈਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪ੍ਰੈਲ INTERNATIONAL PAPER, 94636 01616 hardipchumber57@gmail.com

ਜ਼ੀਰਾ 27 ਅਪ੍ਰੈਲ ( ਅੰਗਰੇਜ਼ ਬਰਾੜ ) - ਸੋਸ਼ਲ ਮੀਡੀਆ ਜਿੱਥੇ ਲੇਖਕਾਂ, ਪੱਤਰਕਾਰਾਂ, ਸਾਹਿਤਕਾਰਾਂ, ਵਪਾਰੀਆਂ ਅਤੇ ਰਾਜਨੀਤਿਕ ਲੋਕਾਂ ਲਈ ਇੱਕ ਵਧੀਆ ਪਲੇਟਫਾਰਮ ਹੈ, ਉੱਥੇ ਸੋਸ਼ਲ ਮੀਡੀਆ ਦੀ ਸਹੀ ਵਰਤੋਂ ਹਰ ਵਰਗ ਦੇ ਲੋਕਾਂ ਲਈ ਮਨੋਰੰਜਨ ਦੇ ਨਾਲ ਵਰਦਾਨ ਸਾਬਿਤ ਹੋ ਰਹੀ ਹੈ । ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਵਰਾਜ ਟਰੈਕਟਰ ਏਜੰਸੀ ਜੀਰਾ ਦੇ ਐਮ ਡੀ ਸ੍ਰੀ ਜੰਨਿੰਦਰ ਜੈਨ ਨੇ ਜ਼ੀਰਾ ਵਿਖੇ ਪੱਤਰਕਾਰਾਂ ਕੋਲ ਕੀਤਾ । ਉਹਨਾਂ ਕਿਹਾ ਕਿ ਸੋਸ਼ਲ ਮੀਡੀਆ ਦੀ ਸਹੀ ਵਰਤੋਂ ਲੋਕਾਂ ਨੂੰ ਕਾਮਯਾਬੀ ਦਿੰਦਿਆਂ ਮੁਕਾਮ ਤੇ ਪਹੁੰਚਾ ਰਹੀ ਹੈ ਪਰ ਇਸ ਦੀ ਗਲਤ ਵਰਤੋਂ ਲੋਕਾਂ ਨੂੰ ਬਦਨਾਮ ਵੀ ਕਰ ਦਿੰਦੀ ਹੈ। ਸ੍ਰੀ ਜੰਨਿੰਦਰ ਜੈਨ ਨੇ ਕਿਹਾ ਕਿ ਸੋਸ਼ਲ ਮੀਡੀਆ ਇੱਕ ਬਹੁਤ ਵਧੀਆ ਪਲੇਟਫਾਰਮ ਹੈ, ਜਿੱਥੇ ਅਸੀਂ ਆਪਣੇ ਹੁਨਰ ਆਪਣੇ ਵਪਾਰ ਐਜੂਕੇਸ਼ਨ ਅਤੇ ਆਪਣੇ ਗਿਆਨ ਵਿੱਚ ਵਾਧਾ ਕਰ ਸਕਦੇ ਹਾਂ ਅਤੇ ਹਰ ਤਰ੍ਹਾਂ ਦੀ ਜਾਣਕਾਰੀ ਲੈ ਦੇ ਸਕਦੇ ਹਾਂ।

ਉਹਨਾਂ ਕਿਹਾ ਕਿ ਅੱਜ ਕੱਲ ਕੈਸਟ ਕਲਚਰ, ਸੀਡੀ, ਵੀਡੀਓ ਪਲੇਅਰ ਆਦਿ ਨਹੀਂ ਹੈ, ਜਿਸ ਕਰਕੇ ਸਾਨੂੰ ਸੋਸ਼ਲ ਮੀਡੀਆ ਦੀ ਵਰਤੋਂ ਕਰਨੀ ਪਵੇਗੀ ਅਤੇ ਅਸੀਂ ਕਰ ਵੀ ਰਹੇ ਹਾਂ। ਜੰਨਿੰਦਰ ਜੈਨ ਨੇ ਕਿਹਾ ਕਿ ਜੇਕਰ ਸੋਸ਼ਲ ਮੀਡੀਆ ਦੀ ਅਸੀਂ ਸਹੀ ਵਰਤੋਂ ਕਰਦੇ ਹਾਂ ਤਾਂ ਬਹੁਤ ਕੁਝ ਸੋਸ਼ਲ ਮੀਡੀਆ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ ਪਰ ਸਾਡੇ ਲਈ ਇਹ ਜਰੂਰੀ ਹੈ ਕਿ ਸੋਸ਼ਲ ਮੀਡੀਆ ਤੇ ਕੋਈ ਫੇਕ ਕੰਮ ਨਾ ਕੀਤਾ ਜਾਵੇ ਅਤੇ ਸ਼ੋਸ਼ਲ ਮੀਡੀਆ ਦੀ ਵਰਤੋਂ ਕਰਦਿਆਂ ਕਿਸੇ ਨੂੰ ਬਲੈਕ ਮੇਲ ਕਰਨ ਤੋਂ ਗੁਰੇਜ ਕੀਤਾ ਜਾਵੇ । ਉਹਨਾਂ ਕਿਹਾ ਕਿ ਸੋਸ਼ਲ ਮੀਡੀਆ ਨੇ ਦੁਨੀਆ ਮੁੱਠੀ ਵਿੱਚ ਕਰ ਦਿੱਤੀ ਹੈ ਅਤੇ ਹਰ ਕੰਮ ਆਸਾਨ



ਕਰ ਦਿੱਤਾ ਪਰ ਸੋਸ਼ਲ ਮੀਡੀਆ ਦੀ ਕੁਝ ਲੋਕਾਂ ਵੱਲੋਂ ਕੀਤੀ ਜਾ ਰਹੀ ਗਲਤ ਵਰਤੋ ਸਮਾਜ ਲਈ ਨੁਕਸਾਨਦਾਇਕ ਹੈ। ਜੰਨਿੰਦਰ ਜੈਨ ਨੇ ਕਿਹਾ ਕਿ ਸੋਸ਼ਲ ਮੀਡੀਆ ਦੇ ਪਲੇਟਫਾਰਮ ਫੇਸਬੁੱਕ, ਯੂਟਿਊਬ, ਵਟਸਅਪ, ਟਵਿਟਰ, ਇੰਸਟਾਗਰਾਮ ਆਦਿ ਦੀ ਵਰਤੋਂ ਕਰਕੇ ਬਹੁਤ ਲੋਕ ਚੰਗਾ ਪੈਸਾ ਵੀ ਕਮਾ ਰਹੇ ਹਨ।

# ਕਿਸਾਨ ਆਗੂ ਤੇ ਹਮਲੇ ਖਿਲਾਫ ਲਹਿਰਾਗਾਗਾ ਵਿਖੇ 3 ਮਈ ਨੂੰ ਹੋਵੇਗਾ ਰੋਹ ਭਰਪੂਰ ਮੁਜ਼ਾਹਰਾ ਅਤੇ ਡੀਐਸਪੀ ਦਫਤਰ ਦਾ ਘਿਰਾਓ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪ੍ਰੈਲ INTERNATIONAL PAPER, 94636 01616 hardipchumber57@gmail.com



ਦਲਜੀਤ ਕੌਰ ਲਹਿਰਾਗਾਗਾ, 27 ਅਪ੍ਰੈਲ, 2025: ਪਿਛਲੇ ਦਿਨੀਂ ਭੂ ਮਾਫੀਆ ਦੇ ਗੁੰਡਿਆਂ ਵੱਲੋਂ ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਨਿਰਭੈ ਸਿੰਘ ਖਾਈ ਤੇ ਕਾਤਲਾਨਾ ਹਮਲਾ ਕਰਕੇ ਉਸ ਦੀਆਂ ਲੱਤਾਂ ਬਾਹਾਂ ਤੋੜਨ ਦੇ ਰੋਸ ਵਜੋਂ ਅੱਜ ਪਿੰਡ ਖਾਈ ਦੇ ਗੁਰਦੁਆਰਾ ਸਾਹਿਬ ਵਿਖੇ ਪੂਰੇ ਪਿੰਡ ਦਾ ਭਾਰੀ ਇਕੱਠ ਕਰਕੇ ਕਿਰਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਚੇਤਾਵਨੀ ਰੈਲੀ ਕੀਤੀ ਗਈ ਜਿਸ ਵਿੱਚ ਸਮੂਹ ਹਾਜ਼ਰ ਲੋਕਾਂ ਨੇ ਇਕ ਆਵਾਜ਼ ਹੁੰਦਿਆਂ ਨਿਰਭੈ ਸਿੰਘ ਤੇ ਕਾਤਲਾਨਾ ਹਮਲਾ ਕਰਨ ਦੇ ਸਾਰੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਅਤੇ ਜਮੀਨੀ ਮਾਮਲੇ ਸਬੰਧੀ ਹੋਈ ਰਜਿਸਟਰੀ ਨੂੰ ਰੱਦ ਕਰਕੇ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ, ਜ਼ਿਲਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ, ਜ਼ਿਲਾ ਸਕੱਤਰ ਦਰਸ਼ਨ ਸਿੰਘ ਕੁੰਨਰਾਂ, ਬੀਕੇਯੂ ਏਕਤਾ ਉਗਰਾਹਾਂ ਦੇ ਆਗੂ ਹਰਸੇਵਕ ਸਿੰਘ ਲਹਿਲ ਕਲਾਂ, ਪੰਜਾਬ ਕਿਸਾਨ ਯੂਨੀਅਨ ਦੇ ਆਗੂ ਰਾਮਫਲ ਸਿੰਘ ਬੁਸ਼ਹਿਰਾ, ਡੈਮੋਕਰੇਟਿਕ ਟੀਚਰਜ਼ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਗਿਰ, ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਗੁਰਦਾਸ ਸਿੰਘ ਜਲੂਰ ਅਤੇ ਮੁਲਾਜ਼ਮ ਆਗੂ ਪੂਰਨ ਸਿੰਘ ਖਾਈ ਨੇ ਕਿਹਾ ਕਿ ਦੱਸਿਆ ਪਿੰਡ ਖਾਈ ਵਿੱਚ ਇੱਕ ਗਰੀਬ ਪਰਿਵਾਰ ਦੀ ਜਮੀਨ ਤੇ ਭੂ ਮਾਫੀਆ ਧੱਕੇ ਨਾਲ ਕਬਜ਼ਾ ਕਰਨਾ ਚਾਹੁੰਦਾ ਸੀ ਜਿਸ ਦੇ ਖਿਲਾਫ ਪੂਰੇ ਪਿੰਡ ਨੇ ਇੱਕਜੁੱਟ ਹੋ ਕੇ ਸੰਘਰਸ਼ ਸ਼ੁਰੂ ਕੀਤਾ। ਇਸ ਸੰਘਰਸ਼ ਨੂੰ ਦਬਾਉਣ ਲਈ ਅਤੇ ਪੂਰੇ ਇਲਾਕੇ ਵਿੱਚ ਆਪਣਾ ਦਬਕਾ ਕਾਇਮ ਕਰਨ ਲਈ ਉਕਤ ਭੂ ਮਾਫੀਆ ਨੇ ਨਿਰਭੈ ਸਿੰਘ ਨੂੰ ਆਪਣੀ ਸਰਕਾਰੀ ਡਿਊਟੀ ਤੇ ਜਾਂਦਿਆਂ ਨੂੰ ਘੇਰ ਕੇ ਉਸਦੀਆਂ ਲੱਤਾਂ ਤੇ ਬਾਹਵਾਂ ਤੋੜ ਦਿੱਤੀਆਂ ਗਈਆਂ। ਇਹ ਹਮਲਾ ਇੱਕ ਆਗੂ ਤੇ ਹਮਲਾ ਨਹੀਂ ਪੂਰੀ ਕਿਸਾਨ ਲਹਿਰ ਅਤੇ ਪੂਰੇ ਪਿੰਡ ਤੇ ਹਮਲਾ ਹੈ ਅਤੇ ਸਾਰੇ ਇੱਕਜੁੱਟ ਹੋ ਕੇ ਇਸਦਾ ਟਾਕਰਾ ਕਰਾਂਗੇ। ਆਗੂਆਂ ਨੇ ਹਲਕਾ ਵਿਧਾਇਕ ਤੇ ਦੋਸ਼ ਲਾਉਂਦਿਆਂ ਕਿਹਾ ਕਿ ਗੁੰਡਾ ਗਰੋਹ ਦੇ ਮੰਤਰੀ ਬਰਿੰਦਰ ਗੋਇਲ ਅਤੇ ਉਸਦੇ ਪੁੱਤਰ ਨਾਲ ਨੇੜਲੇ ਸੰਬੰਧ ਹਨ ਅਤੇ ਆਪਣੇ ਸੋਸ਼ਲ ਮੀਡੀਆ ਅਕਾਊਂਟਾਂ ਤੇ ਵੀ ਮੰਤਰੀ ਨਾਲ ਅਤੇ ਉਸਦੇ ਪੁੱਤਰ ਨਾਲ ਇਹਨਾਂ ਦੀਆਂ ਰੀਲਾਂ ਹਥਿਆਰਾਂ ਸਮੇਤ ਵਾਇਰਲ ਹਨ। ਜਿਸ ਤੋਂ ਸਾਬਤ ਹੁੰਦਾ ਹੈ ਕਿ ਉਕਤ ਗਰੋਹ ਨੂੰ ਮੰਤਰੀ ਅਤੇ ਪੁਲਿਸ ਪ੍ਰਸ਼ਾਸਨ ਦੀ ਸ਼ਹਿ ਪ੍ਰਾਪਤ ਹੈ ਜਿਸ ਕਰਕੇ ਉਹ ਨਿਡਰ ਹੋ ਕੇ ਅਜਿਹੀਆਂ ਕਾਰਵਾਈਆਂ ਨੂੰ ਅੰਜਾਮ ਦਿੰਦੇ ਹਨ ਅਤੇ ਗਰੀਬ ਲੋਕਾਂ ਦੀਆਂ ਜਾਇਦਾਦਾਂ ਤੇ ਕਬਜ਼ੇ ਕਰਦੇ ਹਨ। ਅੱਜ ਇਕੱਠ ਵਿੱਚ ਪਿੰਡ ਲੇਲ ਕਲਾਂ ਅਤੇ ਹੋਰ ਕਈ ਪਿੰਡਾਂ ਤੋਂ ਵੀ ਉਕਤ ਗਰੋਹ ਤੋਂ ਪੀੜਤ ਵਿਅਕਤੀ ਪਹੁੰਚੇ ਹੋਏ ਸਨ ਉਹਨਾਂ ਨਾਲ ਵੀ ਜਥੇਬੰਦੀਆਂ ਨੇ ਖੜਨ ਦਾ ਤਹਈਆ ਕੀਤਾ। ਅੱਜ ਦੇ ਇਕੱਠ ਨੇ ਇੱਕਜੁੱਟ ਹੁੰਦਿਆਂ ਮੰਗ ਕੀਤੀ ਕਿ ਉਕਤ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾਵੇ ਗਲਤ ਢੰਗ ਨਾਲ ਕੀਤੀ ਰਜਿਸਟਰੀ ਰੱਦ ਕੀਤੀ ਜਾਵੇ। ਜੇਕਰ ਪ੍ਰਸ਼ਾਸਨ ਜਲਦੀ ਉਨ੍ਹਾਂ ਦੋਸ਼ੀਆਂ ਦੀ ਗ੍ਰਿਫਤਾਰੀ ਨਹੀਂ ਕਰਦਾ ਤਾਂ 3 ਮਈ ਨੂੰ ਲਹਿਰੇ ਸ਼ਹਿਰ ਵਿੱਚ ਰੋਸ ਮੁਜਾਹਰਾ ਕਰਕੇ ਡੀਐਸਪੀ ਦਫਤਰ ਦਾ ਘਿਰਾਓ ਕੀਤਾ ਜਾਵੇਗਾ।

ਅੱਜ ਦੇ ਧਰਨੇ ਨੂੰ ਰਣਧੀਰ ਸਿੰਘ ਖਾਈ,ਦਰਸ਼ਨ ਸਿੰਘ ਖਾ ਈ , ਗੁ ਰ ਪ੍ਰੀ ਤ ਸਿੰਘ,ਨਹਿਰੀ ਪਾਣੀ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੱਘਰ ਸਿੰਘ ਭੂਦਨ,ਪਰਮੇਲ ਸਿੰਘ ਹਥਨ,ਹਰਜੀਤ ਸਿੰਘ ਬਧੇਸ਼ਾ, ਕਿਰਤੀ ਕਿਸਾਨ ਯੂਨੀਅਨ ਦੇ ਆਗੂ ਭਜਨ ਸਿੰਘ ਢੱਡਰੀਆਂ,ਕਰਮਜੀਤ ਸਿੰਘ ਸਤੀਪੁਰਾ,ਸੁਖਦੇਵ ਸਿੰਘ ਉੱਭਾਵਾਲ ਨੇ ਵੀ ਸੰਬੋਧਨ ਕੀਤਾ।

# ਅਕਾਲ ਅਕੈਡਮੀ ਉੱਡਤ ਸੈਦੇਵਾਲਾ ਵਿਖੇ "ਬੈਸਟ ਆਊਟ ਆਫ ਵੇਸਟ" ਗਤੀਵਿਧੀ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪ੍ਰੈਲ INTERNATIONAL PAPER, 94636 01616 hardipchumber57@gmail.com



ਸੰਗਰੂਰ,27 ਅਪ੍ਰੈਲ (ਜਗਸੀਰ ਲੌਂਗੋਵਾਲ)- ਕਲਗੀਧਰ ਟਰਸਟ ਬੜੂ ਸਾਹਿਬ ਅਧੀਨ ਚੱਲ ਰਹੀ ਅਕਾਲ ਅਕੈਡਮੀ ਉੱਡਤ ਸੈਦੇਵਾਲਾ ਵਿਖੇ ਵਿਦਿਆਰਥੀਆਂ ਦੀ ਰਚਨਾਤਮਕਤਾ ਅਤੇ ਨਵੀਨਤਮ ਸੋਚ ਨੂੰ ਉਭਾਰਣ ਲਈ "ਬੈਸਟ ਆਊਟ ਆਫ ਵੇਸਟ" ਗਤੀਵਿਧੀ ਦਾ ਸਫਲ ਆਯੋਜਨ ਕੀਤਾ ਗਿਆ। ਇਸ ਵਿਚ ਤੀਸਰੀ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਗਤੀਵਿਧੀ ਅਧੀਨ ਵਿਦਿਆਰਥੀਆਂ ਨੇ ਪੁਰਾਣੀਆਂ ਅਤੇ ਬੇ-ਲੋੜੀਆਂ ਵਸਤੂਆਂ ਦੀ ਵਰਤੋਂ ਕਰਕੇ ਨਵੀਆਂ, ਵਰਤੋਂਯੋਗ ਅਤੇ ਸਜਾਵਟੀ ਚੀਜ਼ਾਂ ਤਿਆਰ ਕੀਤੀਆਂ, ਜੋ ਕਿ ਨਿਰੀਖਕਾਂ ਵੱਲੋਂ ਬਹੁਤ ਸਰਾਹੀ ਗਈਆਂ। ਇਸ ਪ੍ਰਤੀਯੋਗਤਾ ਵਿੱਚ ਚੌਥੀ ਜਮਾਤ ਦੀ ਵਿਦਿਆਰਥਣ ਗੁਰਨੀਤ ਕੌਰ ਨੇ ਪਹਿਲਾ ਸਥਾਨ ਹਾਸਿਲ ਕੀਤਾ। ਦੂਜਾ ਸਥਾਨ ਪੰਜਵੀਂ ਜਮਾਤ ਵਿੱਚੋਂ ਪ੍ਰਨੀਤ ਕੌਰ ਨੇ ਹਾਸਿਲ ਕੀਤਾ ਅਤੇ ਤੀਸਰਾ ਸਥਾਨ ਤੀਸਰੀ ਜਮਾਤ ਦੇ ਵਿਦਿਆਰਥੀ ਏਕਮਪ੍ਰੀਤ ਸਿੰਘ ਨੇ ਹਾਸਿਲ ਕੀਤਾ। ਮਿਡਲ ਸ਼੍ਰੇਣੀ ਵਿੱਚੋਂ: ਪਹਿਲਾ ਸਥਾਨ ਸੱਤਵੀਂ ਜਮਾਤ ਦੇ ਵਿਦਿਆਰਥੀ ਏਕਮਨੂਰ ਸਿੰਘ ਨੇ ਹਾਸਿਲ ਕੀਤਾ, ਦੂਜਾ ਸਥਾਨ ਏਕਮਜੀਤ ਸਿੰਘ ਨੇ ਅਤੇ ਤੀਸਰਾ ਸਥਾਨ ਛੇਵੀਂ ਜਮਾਤ ਦੇ ਵਿਦਿਆਰਥੀ ਬਲਦੀਪ ਸਿੰਘ ਨੇ ਹਾਸਿਲ ਕੀਤਾ। ਅਕਾਲ ਅਕੈਡਮੀ ਉੱਡਤ ਸੈਦੇਵਾਲਾ ਦੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਦੀ ਹੁਨਰਮੰਦੀ ਅਤੇ ਉਤਸ਼ਾਹ ਦੀ ਪ੍ਰਸ਼ੰਸਾ ਕੀਤੀ। ਉਹਨਾਂ ਨੇ ਬੱਚਿਆਂ ਨੂੰ ਅਜਿਹੀਆਂ ਰਚਨਾਤਮਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਅਤੇ ਆਪਣੀ ਲੁਕਵੀਂ ਕਲਾ ਨੂੰ ਉਭਾਰਣ ਲਈ ਹੌਂਸਲਾ ਅਫਜਾਈ ਕੀਤੀ। ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਗਈ ਅਤੇ ਉਹਨਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ਗਈ।

# ਅਕਾਲ ਅਕੈਡਮੀ ਥੇਹ ਕਲੰਦਰ ਵਿਖੇ ਇੰਟਰ ਹਾਊਸ ਮੁਕਾਬਲੇ ਕਰਵਾਏ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪਰੈਲ INTERNATIONAL PAPER, 94636 01616 hardipchumber57@gmail.com

ਸੰਗਰੂਰ,27 ਅਪ੍ਰੈਲ (ਜਗਸੀਰ ਲੌਂਗੋਵਾਲ)- ਕਲਗੀਧਰ ਟਰੱਸਟ ਬੜੂ ਸਾਹਿਬ ਦੀ ਸ਼ਾਖਾ ਅਕਾਲ ਅਕੈਡਮੀ ਥੇਹ ਕਲੰਦਰ ਵਿਖੇ ਅੱਜ ਸਵੇਰ ਦੀ ਅਰਦਾਸ ਤੋਂ ਬਾਅਦ ਇੰਟਰ ਹਾਊਸ ਮੁਕਾਬਲਿਆਂ ਦਾ ਸਫਲ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ "ਟਗ ਆਫ਼ ਵਾਰ" (ਰੱਸਾ-ਕੱਸੀ) ਅਤੇ "ਕ੍ਰੀਏਟ ਆਊਟ ਆਫ਼ ਵੇਸਟ" (ਕਬਾੜ ਤੋਂ ਕਲਾ) ਮੁਕਾਬਲੇ ਕਰਵਾਏ ਗਏ। ਇਹ ਮੁਕਾਬਲੇ ਅਕਾਲ ਅਕੈਡਮੀ ਦੇ ਪ੍ਰਿੰਸੀਪਲ ਮੈਡਮ ਗੁਰਜੀਤ ਕੌਰ ਸਿੱਧੂ ਦੀ ਅਗਵਾਈ ਹੇਠ ਹੋਇਆ| ਆਰਟ ਐਂਡ ਕਰਾਫਟ ਵਿਭਾਗ ਦੇ ਇੰਚਾਰਜ ਸ੍ਰੀਮਾਨ ਅਬਿਨਵ ਸ਼ਰਮਾ, ਮਿਸ ਵੀਰਪਾਲ ਕੌਰ ਅਤੇ ਸ੍ਰੀਮਤੀ ਗੁੰਜਨ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ|ਮੁਕਾਬਲਿਆਂ ਵਿੱਚ ਪੰਜਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਬੜੀ ਉਤਸ਼ਾਹ ਭਰੀ ਭਾਗੀਦਾਰੀ ਦਿਖਾਈ। ਵੱਖ-ਵੱਖ ਜਮਾਤਾਂ ਵਿੱਚੋਂ ਨਤੀਜੇ ਇਸ ਪ੍ਰਕਾਰ ਰਹੇ ਪੰਜਵੀਂ ਜਮਾਤ ਵਿੱਚੋ ਉਦੈਵੀਰ ਸਿੰਘ (ਪਹਿਲਾ ਸਥਾਨ), ਪ੍ਰਿੰਸ (ਦੂਸਰਾ ਸਥਾਨ), ਅਵਨਿਰਖ ਕੌਰ (ਤੀਸਰਾ ਸਥਾਨ) ਛੇਵੀਂ ਜਮਾਤ ਵਿੱਚੋ ਸੁਖਮਨ ਕੌਰ (ਪਹਿਲਾ ਸਥਾਨ), ਰਜਨੀਤ ਕੌਰ (ਦੂਸਰਾ ਸਥਾਨ), ਗੁਰਲੀਨ ਕੌਰ (ਤੀਸਰਾ ਸਥਾਨ) ਸੱਤਵੀਂ ਜਮਾਤ ਵਿੱਚੋਂ ਸੁਖਮਨ ਸਿੰਘ ਖੋਸਾ (ਪਹਿਲਾ ਸਥਾਨ), ਹਰਗੁਣ, ਸੁਖਮਨੀ, ਹਰਕੀਰਤ, ਮੰਨਤ (ਸਾਂਝਾ ਦੂਸਰਾ ਸਥਾਨ), ਐਸ਼ਪ੍ਰੀਤ ਸਿੰਘ (ਤੀਸਰਾ ਸਥਾਨ) ਅੱਠਵੀਂ A ਜਮਾਤ ਵਿੱਚੋਂ ਮਨਰੀਤ ਕੌਰ, ਹਰਮਨ ਸਿੰਘ (ਸਾਂਝਾ ਪਹਿਲਾ ਸਥਾਨ), ਜੈਸਮੀਨ ਕੌਰ, ਜਸਜੋਤ ਕੌਰ (ਸਾਂਝਾ ਦੂਸਰਾ ਸਥਾਨ), ਰਣਜੋਧ ਸਿੰਘ ਬੁੱਟਰ (ਤੀਸਰਾ ਸਥਾਨ) ਅੱਠਵੀਂ B ਜਮਾਤ ਵਿੱਚੋਂ ਸੀਰਤ ਕੌਰ (ਪਹਿਲਾ ਸਥਾਨ), ਜਸਕੀਰਤ ਸਿੰਘ (ਦੂਸਰਾ ਸਥਾਨ), ਮੇਹਦੀਪ ਸਿੰਘ ਅਤੇ ਸਹਿਜ ਸਿੰਘ (ਸਾਂਝਾ ਤੀਸਰਾ ਸਥਾਨ) ਟਗ ਆਫ ਵਾਰ (ਰੱਸਾ ਕੱਸੀ) ਮੁਕਾਬਲੇ ਵਿੱਚੋਂ ਲੜਕੀਆਂ ਵਿੱਚ ਅਤੁਲ ਹਾਊਸ ਨੇ ਪਹਿਲਾ ਸਥਾਨ ਹਾਸਿਲ ਕੀਤਾ|ਲੜਕਿਆਂ ਵਿੱਚ ਅਮੁਲ ਹਾਊਸ ਨੇ ਪਹਿਲਾ ਸਥਾਨ ਹਾਸਲ ਕੀਤਾ। ਅਕਾਲ ਅਕੈਡਮੀ ਥੇਹ ਕਲੰਦਰ ਦੇ ਪ੍ਰਿੰਸੀਪਲ ਮੈਡਮ ਗੁਰਜੀਤ ਕੌਰ ਸਿੱਧੂ ਨੇ ਇਸ ਮੌਕੇ 'ਤੇ ਕਿਹਾ ਕਿ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਅਤੇ ਜਨੂਨ ਨਾਲ



ਮੁਕਾਬਲਿਆਂ ਵਿੱਚ ਹਿੱਸਾ ਲਿਆ। ਉਨ੍ਹਾਂ ਦੱਸਿਆ ਕਿ ਇਹ ਤਿਆਰੀਆਂ ਕਈ ਦਿਨ ਪਹਿਲਾਂ ਹੀ ਸ਼ੁਰੂ ਕਰ ਦਿੱਤੀਆਂ ਗਈਆਂ ਸਨ। ਅਕਾਲ ਅਕੈਡਮੀ ਵਿਦਿਆਰਥੀਆਂ ਦੀ ਰੁਚੀ ਅਤੇ ਮਨੋਰੰਜਨ ਨੂੰ ਧਿਆਨ ਵਿੱਚ ਰੱਖਦਿਆਂ ਅਜਿਹੀਆਂ ਗਤੀਵਿਧੀਆਂ ਸਮੇਂ-ਸਮੇਂ 'ਤੇ ਕਰਵਾਉਂਦੀ ਰਹਿੰਦੀ ਹੈ।ਅਜਿਹੀਆਂ ਗ ਤੀ ਵਿ ਧੀ ਆਂ ਵਿਦਿਆਰਥੀਆਂ ਦੇ ਬੋਧਿਕ, ਸਰੀਰਕ ਅਤੇ ਸਮੂਹੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

# ਅਕਾਲ ਅਕੈਡਮੀ ਢੋਟੀਆਂ ਵਿਖੇ ਕਲਾ ਮੇਲੇ ਦਾ ਵਿਸ਼ੇਸ਼ ਆਯੋਜਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪਰੈਲ INTERNATIONAL PAPER, 94636 01616 hardipchumber57@gmail.com

ਸੰਗਰੂਰ, 27 ਅਪ੍ਰੈਲ ਜਗਸੀਰ ਲੌਂਗੋਵਾਲ )- ਕਲਗੀਧਰ ਟਰਸਟ ਬੜੂ ਸਾਹਿਬ ਵਿੱਦਿਅਕ ਸੰਸਥਾ ਦੇ ਅਧੀਨ ਚੱਲ ਰਹੀ ਅਕਾਲ ਅਕੈਡਮੀ ਢੋਟੀਆਂ ਵਿਖੇ ਇੱਕ ਵਿਸ਼ੇਸ਼ ਕਲਾ ਮੇਲਾ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੇ ਕਲਾਤਮਕ ਹੁਨਰ, ਰਚਨਾਤਮਕਤਾ ਅਤੇ ਅੰਦਰੂਨੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਕਲਾ ਮੇਲੇ ਦੌਰਾਨ ਵਿਦਿਆਰਥੀਆਂ ਨੇ ਪੇਂਟਿੰਗ, ਡਰਾਇੰਗ, ਕੈਲੀਗ੍ਰਾਫੀ, ਕਲਾਜ, ਹਸਤਕਲਾ, ਮੋਡਲ



ਮੇਕਿੰਗ ਆਦਿ ਰੂਪਾਂ ਰਾਹੀਂ ਆਪਣੀ ਕਲਾ ਨੂੰ ਉਜਾਗਰ ਕੀਤਾ। ਕੁਝ ਵਿਦਿਆਰਥੀਆਂ ਨੇ ਵਰਤੋਂ ਵਿਚ ਨਾ ਆਉਣ ਵਾਲੀਆਂ ਚੀਜ਼ਾਂ ਦੀ ਵਰਤੋਂ ਕਰਕੇ ਆਕਰਸ਼ਕ ਸਜਾਵਟ ਸਮਾਨ ਤਿਆਰ ਕੀਤਾ। ਵਿਦਿਆਰਥੀਆਂ ਦੀਆਂ ਕਲਾਕ੍ਰਿਤੀਆਂ ਵਿਚ ਉਨ੍ਹਾਂ ਦੀ ਕਾਢ, ਉਤਸ਼ਾਹ ਅਤੇ ਰਚਨਾਤਮਕ ਸੋਚ ਦੀ ਝਲਕ ਸਾਫ਼ ਤੌਰ 'ਤੇ ਵੇਖਣ ਯੋਗ ਸੀ। ਧਾਰਮਿਕ ਅਤੇ ਸੰਸਕਾਰਕ ਥੀਮਾਂ 'ਤੇ ਅਧਾਰਿਤ ਕਲਾ-ਕ੍ਰਿਤੀਆਂ ਨੇ ਵਿਸ਼ੇਸ਼ ਧਿਆਨ ਖਿੱਚਿਆ। ਇਸ ਮੌਕੇ ਤੇ ਅਕਾਲ ਅਕੈਡਮੀ ਢੋਟੀਆਂ ਦੇ ਪ੍ਰਿੰਸੀਪਲ ਮੈਡਮ ਰਮਨਦੀਪ ਕੌਰ ਜੀ ਨੇ ਕਿਹਾ ਕਿ "ਇਸ ਤਰ੍ਹਾਂ ਦੇ ਕਲ੍ਹਾ ਮੇਲੇ ਵਿਦਿਆਰਥੀਆਂ ਵਿਚ ਆਤਮ-ਵਿਸ਼ਵਾਸ ਅਤੇ ਸੰਸਕਾਰੀ ਭਾਵਨਾ ਦੇ ਵਿਕਾਸ ਵਿੱਚ ਮਹੱਤਵਪੂਰਣ ਭੂਮਿਕਾ ਅਦਾ ਕਰਦੇ ਹਨ।" ਉਨ੍ਹਾਂ ਨੇ ਇਹ ਵੀ ਜੋੜਿਆ ਕਿ ਅਕਾਲ ਅਕੈਡਮੀ ਢੋਟੀਆਂ ਵਿਦਿਆਰਥੀਆਂ ਦੇ ਸਰਵ-ਪੱਖੀ ਵਿਕਾਸ ਲਈ ਹਮੇਸ਼ਾ ਪ੍ਰਤਿਬੱਧ ਰਹੀ ਹੈ ਅਤੇ ਭਵਿੱਖ ਵਿੱਚ ਵੀ ਅਜਿਹੇ ਆਯੋਜਨ ਕਰਦੀ ਰਹੇਗੀ। ਇਹ ਰੂਪਚਾਰਿਕ ਕਲ੍ਹਾ ਮੇਲਾ ਨਿਰੀ ਪਾਠਕ੍ਰਮਿਕ ਸਿੱਖਿਆ ਤੋਂ ਉਪਰ ਚੜ੍ਹ ਕੇ ਵਿਦਿਆਰਥੀਆਂ ਦੇ ਕਲਾਤਮਕ ਅਭਿਵਿਕਾਸ ਨੂੰ ਉਤਸ਼ਾਹਿਤ ਕਰਨ ਵੱਲ ਇਕ ਵੱਡਾ ਕਦਮ ਸਾਬਤ ਹੋਇਆ। ਇਸਦਾ ਉਦੇਸ਼ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਦਬਾਅ ਤੋਂ ਹਟਾ ਕੇ ਆਪਣੇ ਮਨ ਨੂੰ ਤਾਜ਼ਗੀ ਦੇਣ ਅਤੇ ਉਨ੍ਹਾਂ ਦੀ ਸਿਖਲਾਈ ਵਿੱਚ ਨਵਾਂ ਉਤਸ਼ਾਹ ਭਰਨ ਦਾ ਸੀ।

# ਲਾਇਨ ਕੰਗ ਦੀ ਅਗਵਾਈ 'ਚ ਹੋਇਆ 85ਵੇਂ ਮਾਸਿਕ ਰਾਸ਼ਨ ਵੰਡ ਸਮਾਗਮ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪਰੈਲ INTERNATIONAL PAPER, 94636 01616 hardipchumber57@gmail.com

ਫਗਵਾੜਾ 27 ਅਪ੍ਰੈਲ (ਸ਼ਿਵ ਕੌੜਾ) ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਅਤੇ ਬਾਬਾ ਬਾਲਕ ਨਾਥ ਸੇਵਾ ਸਮਿਤੀ ਫਗਵਾੜਾ ਦੇ ਪ੍ਰਧਾਨ ਲਾਇਨ ਗੁਰਦੀਪ ਸਿੰਘ ਕੰਗ ਐਮ.ਜੇ. ਐਫ. ਦੀ ਅਗਵਾਈ ਹੇਠ, ਸ਼ਿਵ ਸ਼ਕਤੀ ਮਾਤਾ ਮੰਦਰ ਜੋਸ਼ੀਆਂ ਮੁਹੱਲਾ ਫਗਵਾੜਾ ਵਿਖੇ 85ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਆਯੋਜਿਤ ਕੀਤਾ ਗਿਆ। ਜਿਸ ਵਿੱਚ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਸਾਬਕਾ ਡਿਸਟ੍ਰਿਕਟ ਗਵਰਨਰ ਲਾਇਨ ਦਵਿੰਦਰ ਪਾਲ ਅਰੋੜਾ ਅਤੇ ਮਨੁੱਖੀ ਅਧਿਕਾਰ ਪ੍ਰੀਸ਼ਦ ਮਹਿਲਾ ਵਿੰਗ ਦੀ ਕੌਮੀ ਉਪ ਪ੍ਰਧਾਨ ਐਡਵੋਕੇਟ ਅਨੂ ਸ਼ਰਮਾ ਮੁੱਖ ਮਹਿਮਾਨਾਂ ਵਜੋਂ ਸ਼ਾਮਲ ਹੋਏ। ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਕੌਂਸਲਰ ਸੀਤਾ ਦੇਵੀ ਅਤੇ ਮਮਤਾ ਖੋਸਲਾ ਕੌਂਸਲਰ, ਸਮਾਜ ਸੇਵੀ ਬੱਬੂ ਮਨੀਲਾ, ਬਾਬਾ ਬਾਲਕ ਨਾਥ ਸੇਵਾ ਸੰਮਤੀ ਸਰਪ੍ਰਸਤ ਧਰਮਪਾਲ ਨਿਸ਼ਚਲ, ਸਰਪ੍ਰਸਤ ਐਸਪੀ ਬਸਰਾ ਅਤੇ ਅਧਿਆਪਕ



ਆਗੂ ਵਰਿੰਦਰ ਸਿੰਘ ਕੰਬੋਜ ਹਾਜ਼ਰ ਸਨ। ਸਮਾਗਮ ਦੀ ਆਰੰਭਤਾ ਦੱਖਣੀ ਕਸ਼ਮੀਰ ਦੇ ਪਹਿਲਗਾਮ 'ਚ ਵਾਪਰੇ ਅੱਤਵਾਦੀ ਹਮਲੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਵਜੋਂ ਦੋ ਮਿਨਟ ਦਾ ਮੌਨ ਧਾਰਣ ਕਰਕੇ ਕੀਤੀ ਗਈ। ਉਪਰੰਤ ਮੁੱਖ ਮਹਿਮਾਨਾਂ ਨੇ 20 ਲੋੜਵੰਦ ਔਰਤਾਂ ਨੂੰ ਇੱਕ ਮਹੀਨੇ ਦਾ ਰਾਸ਼ਨ ਵੰਡਿਆ ਅਤੇ ਲਾਇਨ ਗੁਰਦੀਪ ਸਿੰਘ ਕੰਗ ਅਤੇ ਬਾਬਾ ਬਾਲਕ ਨਾਥ ਸੇਵਾ ਸੁਸਾਇਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅੰਨ ਦਾ ਦਾਨ ਬਹੁਤ ਹੀ ਪੁੰਨ ਦਾ ਕੰਮ ਹੈ। ਜਿਸ ਵਿੱਚ ਸਾਰਿਆਂ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਗੁਰਦੀਪ ਸਿੰਘ ਕੰਗ ਅਤੇ ਬਾਬਾ ਬਾਲਕ ਨਾਥ ਸੇਵਾ ਸੰਮਤੀ ਵੱਲੋਂ ਸਮਾਜ ਸੇਵਾ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ। ਕੌਂਸਲਰ ਸੀਤਾ ਦੇਵੀ ਅਤੇ ਮਮਤਾ ਖੋਸਲਾ ਨੇ ਇਹ ਵੀ ਕਿਹਾ ਕਿ ਸਮਾਜ ਦੇ ਸਾਰੇ ਸਮਰੱਥ ਲੋਕਾਂ ਦਾ ਫਰਜ਼ ਬਣਦਾ ਹੈ ਕਿ ਉਹ ਵਿੱਤੀ ਸਮੱਸਿਆਵਾਂ ਨਾਲ ਜੂਝ ਰਹੇ ਲੋਕਾਂ, ਬਿਮਾਰਾਂ ਅਤੇ ਬਜ਼ੁਰਗਾਂ ਨੂੰ ਹਰ ਸੰਭਵ ਮੱਦਦ ਪ੍ਰਦਾਨ ਕਰਨ। ਲਾਇਨ ਗੁਰਦੀਪ ਸਿੰਘ ਕੰਗ ਅਤੇ ਮੰਦਰ ਕਮੇਟੀ ਵੱਲੋਂ ਲਾਇਨ ਦਵਿੰਦਰ ਪਾਲ ਅਰੋੜਾ ਅਤੇ ਐਡਵੋਕੇਟ ਅਨੂ ਸ਼ਰਮਾ ਸਮੇਤ ਸਾਰੇ ਪਤਵੰਤਿਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਗੁਰਦੀਪ ਸਿੰਘ ਕੰਗ ਨੇ ਸਾਰਿਆਂ ਦਾ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਭਰੋਸਾ ਦਿੱਤਾ ਕਿ ਬਾਬਾ ਬਾਲਕ ਨਾਥ ਜੀ ਦੇ ਆਸ਼ੀਰਵਾਦ ਸਦਕਾ ਰਾਸ਼ਨ ਵੰਡ ਸਮੇਤ ਸਮਾਜ ਸੇਵਾ ਦੇ ਕੰਮ ਜਾਰੀ ਰਹਿਣਗੇ। ਲਾਇਨ ਸੁਸ਼ੀਲ ਸ਼ਰਮਾ ਨੇ ਸਟੇਜ ਦੀ ਸੇਵਾ ਬਹੁਤ ਵਧੀਆ ਢੰਗ ਨਾਲ ਨਿਭਾਈ। ਇਸ ਮੌਕੇ ਸ਼ਿਵ ਸ਼ਕਤੀ ਮਾਤਾ ਮੰਦਰ ਦੇ ਪ੍ਰਧਾਨ ਚੰਚਲ ਸੇਠ, ਕੈਸ਼ੀਅਰ ਕਿੱਟੀ ਬਸਰਾ, ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਦੇ ਪ੍ਰਧਾਨ ਲਾਇਨ ਸੰਜੀਵ ਸੂਰੀ, ਵਾਈਸ ਪ੍ਰਧਾਨ ਲਾਇਨ ਸੁਮਿਤ ਭੰਡਾਰੀ, ਸਕੱਤਰ ਲਾਇਨ ਦਿਨੇਸ਼ ਖਰਬੰਦਾ, ਕੈਸ਼ੀਅਰ ਲਾਇਨ ਅਜੈ ਕੁਮਾਰ, ਲਾਇਨ ਸਤਵਿੰਦਰ ਸਿੰਘ ਭਮਰਾ ਪੀ.ਆਰ.ਓ., ਲਾਇਨਜ ਕਲੱਬ ਫਗਵਾੜਾ ਹਾਰਮੋਨੀ ਦੇ ਪ੍ਰਧਾਨ ਸਤਨਾਮ ਸਿੰਘ ਰਾਣਾ, ਸ਼ਿਵ ਸੈਨਾ ਅਖੰਡ ਭਾਰਤ ਦੇ ਕੌਮੀ ਪ੍ਰਧਾਨ ਲਾਇਨ ਅਜੈ ਮਹਿਤਾ, ਕਮਲ ਸਰੋਜ ਸੂਬਾ ਪ੍ਰੈੱਸ ਸਕੱਤਰ ਸ਼ਿਵ ਸੈਨਾ ਯੂ.ਬੀ.ਟੀ., ਲਾਇਨ ਸੰਜੀਵ ਲਾਂਬਾ, ਲਾਇਨ ਵਿਪਨ ਸ਼ਰਮਾ, ਲਾਇਨ ਵਿੱਕੀ ਚੁੰਬਰ, ਲਾਇਨ ਸ਼ਸ਼ੀ ਕਾਲੀਆ, ਪਵਨ ਕਲੂਚਾ, ਮਨੀਸ਼ ਕਨੌਂਜੀਆ, ਨਵਿਤਾ ਛਾਬੜਾ ਪ੍ਰਧਾਨ ਡਿਵਾਈਨ ਏਂਜਲ ਵੈਲਫੇਅਰ ਸੁਸਾਇਟੀ, ਸੀਮਾ ਰਾਣਾ, ਸਮਾਜ ਸੇਵੀ ਅਮਨਦੀਪ ਕੌਰ ਤੋਂ ਇਲਾਵਾ ਵਿਨੇ ਕੁਮਾਰ ਬਿੱਟੂ, ਰਿਜਨ ਚੇਅਰਮੈਨ ਲਾਇਨ ਚਮਨ ਲਾਲ, ਰਵੀ ਕੁਮਾਰ, ਰਮੇਸ਼ ਸ਼ਿੰਗਾਰੀ, ਹੈਪੀ ਮੱਲ੍ਹਣ, ਅਮਰਜੀਤ ਸਿੰਘ ਬਘਾਣਾ, ਰਮੇਸ਼ ਕਪੂਰ ਆਦਿ ਹਾਜ਼ਰ ਸਨ।

# ਐਮ ਸੀ ਸ੍ਰੀ ਮਤੀ ਰੀਆ ਦੇ ਪਿਤਾ ਦੀ ਮੌਤ ਤੇ ਦੁਖ ਸਾਂਝਾ ਕਰਨ ਲਈ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਘੜੂੰਆਂ ਪਹੁੰਚੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪਰੈਲ INTERNATIONAL PAPER, 94636 01616 hardipchumber57@gmail.com

ਮੋਰਿੰਡਾ 27 ਅਪ੍ਰੈਲ (ਪਤਰ ਪ੍ਰੇਰਕ) ਨਗਰ ਪੰਚਾਇਤ ਘੜੂੰਆਂ ਤੋਂ ਐਮ ਸੀ ਸ੍ਰੀ ਮਤੀ ਰੀਆ ਦੇ ਪਿਤਾ ( ਸਹੁਰਾ) ਤਰਸੇਮ ਕੁਮਾਰ ਦੀ ਮੌਤ ਤੇ ਪ੍ਰੀਵਾਰ ਨਾਲ ਦੁਖ ਸਾਂਝਾ ਕਰਨ ਲਈ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਘੜੂੰਆਂ ਪਹੁੰਚੇ। ਉਹਨਾਂ ਐਮ ਸੀ ਰੀਆ, ਉਹਨਾਂ ਦੇ ਪਤੀ ਡਾ ਰੋਬਿਨ ਅਤੇ ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਨਾਲ ਦੁਖ ਸਾਂਝਾ ਕਰਦਿਆਂ ਆਖਿਆ ਕਿ ਡਾ ਤਰਸੇਮ ਕੁਮਾਰ ਅਤੇ ਉਹਨਾਂ ਦਾ ਸਮੂਚਾ ਪ੍ਰੀਵਾਰ ਸਮਾਜ ਸੇਵਾ ਨੂੰ ਪ੍ਰਣਾਇਆ ਹੋਇਆ ਹੈ। ਇਹਨਾ ਦੀ ਸੇਵਾ ਸਦਕਾ ਹੀ ਉਹਨਾਂ ਦੀ ਨੌਂਹ ਬੀਬਾ ਰੀਆ ਬਹੁਤ ਵਧ ਵੋਟਾਂ ਲੈ ਕੇ ਕੌਂਸਲਰ ਚੁਣੇ ਗਏ ਹਨ। ਸ੍ਰ ਚਰਨਜੀਤ ਸਿੰਘ ਚੰਨੀ ਨੇ ਤਰਸੇਮ ਕੁਮਾਰ ਦੀ ਮੌਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦਸਿਆ। ਉਹਨਾਂ ਦੁਖੀ ਪ੍ਰੀਵਾਰ ਨੂੰ ਵਿਸ਼ਵਾਸ ਦਵਾਇਆ ਕਿ ਉਹ ਹਰ ਦੁਖ,ਸੁੱਖ ਵਿਚ ਇਸ ਪ੍ਰੀਵਾਰ ਨਾਲ ਖੜਨਗੇ। ਇਸ ਸਮੇਂ ਉਹਨਾਂ ਦੇ ਨਾਲ ਸੀਨੀਅਰ ਕਾਂਗਰਸੀ ਆਗੂ ਗੁਰਪ੍ਰਤਾਪ ਸਿੰਘ ਪਡਿਆਲਾ,ਸਾਬਕਾ ਸਰਪੰਚ ਨਰਿੰਦਰ ਸਿੰਘ ਗਾਂਧੀ , ਸਾਬਕਾ ਸਰਪੰਚ ਸਰਬਜੀਤ ਸਿੰਘ ਗੋਲਾ, ਗੁਰਵਿੰਦਰ ਸਿੰਘ ਕਾਲਾ, ਭਰਪੂਰ ਸਿੰਘ ,ਨਵਦੀਪ ਸ਼ਰਮਾ, ਹਰਪ੍ਰੀਤ ਬੰਟੀ, ਅਜਾਇਬ ਸਿੰਘ, ਜਗਮੋਹਣ ਸਿੰਘ, ਹਰਸਦੀਪ ਸਿੰਘ, ਡਾਕਟਰ ਕੁਲਵੰਤ ਸਿੰਘ, ਕਾਂਗਰਸੀ ਆਗੂ ਕੁਲਜੀਤ ਸਿੰਘ ਮਾਮੂਪੁਰ, ਜਨਕ ਪਟਵਾਰੀ , ਸਤਵੰਤ ਸਿੰਘ ਦਤਾਰਪੁਰ, ਗੁਰਜੀਤ ਸਿੰਘ ਜੀਤੀ ਅਤੇ ਦਰਸ਼ਨ ਸਿੰਘ, ਪੰਚ, ਸਰਪੰਚ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

# ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੰਚਾਇਤਾਂ ਤੇ ਹੋਰਨਾਂ ਸਮਾਜਿਕ ਸੰਸਥਾਵਾਂ ਨੂੰ ਵਿਕਾਸ ਕਾਰਜਾਂ ਲਈ ਵੰਡੀ 70 ਲੱਖ ਦੀ ਗ੍ਰਾਂਟ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪਰੈਲ INTERNATIONAL PAPER, 94636 01616 hardipchumber57@gmail.com

ਦਿੜ੍ਹਬਾ, 27 ਅਪ੍ਰੈਲ (ਜਗਸੀਰ ਲੌਂਗੋਵਾਲ)- ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਅਤੇ ਹਲਕਾ ਦਿੜ੍ਹਬਾ ਤੋਂ ਵਿਧਾਇਕ ਸ. ਹਰਪਾਲ ਸਿੰਘ ਚੀਮਾ ਨੇ ਅੱਜ ਸਰਬਸੰਮਤੀ ਕਰਨ ਵਾਲੀਆਂ ਪੰਚਾਇਤਾਂ, ਯੁਵਕ ਕਲੱਬਾਂ ਅਤੇ ਹੋਰਨਾਂ ਸਮਾਜਿਕ ਸੰਸਥਾਵਾਂ ਨੂੰ ਵਿਕਾਸ ਕਾਰਜਾਂ ਲਈ ਤਕਰੀਬਨ 70 ਲੱਖ ਰੁਪਏ ਦੀਆਂ ਗ੍ਰਾਂਟਾਂ ਦੇ ਚੈੱਕ ਵੰਡੇ। ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਮੁੜ ਤੋਂ 'ਰੰਗਲਾ



ਪੰਜਾਬ' ਬਣਾਉਣ ਲਈ ਹਰ ਲੋੜੀਂਦਾ ਯਤਨ ਕੀਤਾ ਜਾ ਰਿਹਾ ਹੈ ਅਤੇ ਸਮਾਜ ਦੀ ਬਿਹਤਰੀ ਲਈ ਕੀਤੇ ਜਾਣ ਵਾਲੇ ਹਰ ਕੰਮ ਲਈ ਜ਼ਰੂਰੀ ਫੰਡ ਉਪਲਬਧ ਕਰਵਾਉਣੇ ਯਕੀਨੀ ਬਣਾਏ ਜਾ ਰਹੇ ਹਨ।

ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮਾਨ ਸਰਕਾਰ ਪੰਜਾਬੀਆਂ ਨਾਲ ਕੀਤਾ ਹਰ ਇੱਕ ਵਾਅਦਾ ਪੂਰਾ ਕਰ ਰਹੀ ਹੈ ਅਤੇ ਮੁੱਖ ਮੰਤਰੀ ਦੀ ਅਪੀਲ 'ਤੇ ਜਿਨ੍ਹਾਂ ਪਿੰਡਾਂ ਨੇ ਸਰਬਸੰਮਤੀ ਨਾਲ ਪੰਚਾਇਤਾਂ ਚੁਣੀਆਂ ਹਨ, ਉਹਨਾਂ ਸਾਰੀਆਂ ਪੰਚਾਇਤਾਂ ਨੂੰ ਵਾਅਦੇ ਮੁਤਾਬਕ ਪੰਜ ਲੱਖ ਰੁਪਏ ਦੇ ਵਿਸ਼ੇਸ਼ ਗ੍ਰਾਂਟ ਦੇਣੀ ਵੀ ਯਕੀਨੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਵਿਸ਼ੇਸ਼ ਗ੍ਰਾਂਟ ਤੋਂ ਇਲਾਵਾ ਵੀ ਪਿੰਡਾਂ ਦੀਆਂ ਪੰਚਾਇਤਾਂ ਨੂੰ ਲਗਾਤਾਰ ਲੋੜ ਮੁਤਾਬਿਕ ਫੰਡ ਜਾਰੀ ਕੀਤੇ ਜਾ ਰਹੇ ਹਨ ਤਾਂ ਜੋ ਪਿੰਡਾਂ ਵਿੱਚ ਬਿਹਤਰ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾ ਸਕਣ।

ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਨਿਹਾਲਗੜ੍ਹ ਤੇ ਰਤਨਗੜ੍ਹ ਸਿੰਧੜਾ ਦੀਆਂ ਪੰਚਾਇਤਾਂ ਨੂੰ ਸਰਬਸੰਮਤੀ ਲਈ, ਮੁਨਸ਼ੀਵਾਲਾ, ਮੌੜਾਂ, ਮਹਿਲਾਂ, ਗੁੱਜਰਾਂ, ਸਮੂਰਾਂ, ਖੇਤਲਾ ਤੇ ਸਫੀਪੁਰ ਪਿੰਡਾਂ ਨੂੰ ਵੱਖ-ਵੱਖ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੇ ਚੈੱਕ ਵੰਡੇ ਗਏ। ਇਸ ਤੋਂ ਇਲਾਵਾ ਪਿੰਡ ਘਨੌੜ ਜੱਟਾਂ ਦੇ ਦੋ ਵੱਖ-ਵੱਖ ਯੁਵਕ ਕਲੱਬਾਂ ਅਤੇ ਸ਼੍ਰੀ ਗੁਰੂ ਰਵੀਦਾਸ ਪ੍ਰਬੰਧਕ ਕਮੇਟੀ ਨੂੰ ਲੋੜੀਂਦੇ ਸਮਾਜ ਭਲਾਈ ਕੰਮਾਂ ਲਈ ਚੈੱਕ ਵੰਡੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕੈਬਨਿਟ ਮੰਤਰੀ ਦੇ ਓ.ਐਸ.ਡੀ. ਤਪਿੰਦਰ ਸਿੰਘ ਸੋਹੀ, ਚੇਅਰਮੈਨ ਜਸਵੀਰ ਕੌਰ ਸ਼ੇਰਗਿੱਲ ਸਮੇਤ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਡੀ.ਟੀ.ਐੱਫ. ਦੀ 35ਵੀਂ ਵਜ਼ੀਫ਼ਾ ਪ੍ਰੀਖਿਆ ਦਾ ਸਨਮਾਨ ਸਮਾਰੋਹ ਸਫਲਤਾ ਪੂਰਵਕ ਸੰਪੰਨ

## 150 ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪ੍ਰੈਲ INTERNATIONAL PAPER, 94636 01616 hardipchumber57@gmail.com




ਧੂਰੀ, 27 ਅਪ੍ਰੈਲ (ਜਗਸੀਰ ਲੌਂਗੋਵਾਲ) - ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਸੰਗਰੂਰ ਵੱਲੋਂ ਇਸ ਸਾਲ ਜਨਵਰੀ ਮਹੀਨੇ ਵਿੱਚ ਸਾਮਰਾਜੀ ਜ਼ੁਲਮ ਦਾ ਸ਼ਿਕਾਰ ਫਲਸਤੀਨੀ ਬੱਚਿਆਂ ਨੂੰ ਸਮਰਪਿਤ ਕਰਵਾਈ ਗਈ 35ਵੀਂ ਸਲਾਨਾ ਵਜ਼ੀਫ਼ਾ ਪ੍ਰੀਖਿਆ ਦਾ ਸਨਮਾਨ ਸਮਾਰੋਹ ਅੱਜ ਸਥਾਨਕ ਮਹੇਸ਼ ਬਿਰਧ ਆਸ਼ਰਮ ਦੇ ਹਾਲ ਵਿੱਚ ਕਰਵਾਇਆ ਗਿਆ। ਇਸ ਮੌਕੇ ਜਥੇਬੰਦੀ ਦੇ ਬਲਾਕ ਧੂਰੀ ਦੇ ਪ੍ਰਧਾਨ ਗਗਨਦੀਪ ਧੂਰੀ ਨੇ ਸਮਾਗਮ ਵਿੱਚ ਪੁੱਜੇ ਵਿਦਿਆਰਥੀਆਂ, ਮਾਪਿਆਂ, ਅਧਿਆਪਕਾਂ, ਆਗੂਆਂ ਅਤੇ ਵਜ਼ੀਫ਼ਾ ਪ੍ਰੀਖਿਆ ਨਾਲ ਜੁੜੀਆਂ ਸ਼ਖਸ਼ੀਅਤਾਂ ਦਾ ਸਵਾਗਤ ਕੀਤਾ। ਇਸ ਉਪਰੰਤ ਸੀਨੀਅਰ ਆਗੂਆਂ ਬਲਬੀਰ ਲੌਂਗੋਵਾਲ ਅਤੇ ਤਰਸੇਮ ਧੂਰੀ ਨੇ ਵਜ਼ੀਫਾ ਪ੍ਰੀਖਿਆ ਦੇ ਇਤਿਹਾਸ ਅਤੇ ਇਸਦੇ ਅਗਾਂਹਵਧੂ ਉਦੇਸ਼ਾਂ ਉੱਤੇ ਚਾਨਣਾ ਪਾਇਆ। ਜਥੇਬੰਦੀ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਨੇ ਅਜੋਕੇ ਦੌਰ ਵਿੱਚ ਵਿਦਿਆਰਥੀਆਂ ਨੂੰ ਉਹਨਾਂ ਦੇ ਇਨਕਲਾਬੀ ਵਿਰਸੇ ਨਾਲ ਜੋੜਨ ਵਾਲੀ,ਨਕਲ ਨੂੰ ਨਿਰਉਤਸ਼ਾਹਿਤ ਕਰਕੇ ਸਿਹਤਮੰਦ ਮੁਕਾਬਲੇ ਦੀ ਭਾਵਨਾ ਪੈਦਾ ਕਰਨ ਵਾਲੀ ਇਸ ਪ੍ਰੀਖਿਆ ਨੂੰ ਪਿਛਲੇ 35 ਸਾਲਾਂ ਤੋਂ ਲਗਾਤਾਰ ਸਫਲਤਾ ਪੂਰਵਕ ਆਯੋਜਿਤ ਕਰਨ ਲਈ ਜ਼ਿਲ੍ਹਾ ਸੰਗਰੂਰ ਇਕਾਈ ਦੀ ਸ਼ਲਾਘਾ ਕੀਤੀ ਅਤੇ ਅਜੋਕੇ ਦੌਰ ਵਿੱਚ ਸਿੱਖਿਆ ਦੇ ਖੇਤਰ ਵਿੱਚ ਅਜਿਹੇ ਕ੍ਰਾਂਤੀਕਾਰੀ ਉੱਦਮ ਦੀ ਮਹੱਤਤਾ ਉੱਤੇ ਚਾਨਣਾ ਪਾਇਆ। ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੇਨੜਾ ਦੇ ਵਿਦਿਆਰਥੀਆਂ ਨੇ ਸ਼ਹੀਦ ਭਗਤ ਸਿੰਘ ਬਾਰੇ ਕੋਰੀਓਗਰਾਫੀ ਪੇਸ਼ ਕੀਤੀ। ਜੁਝਾਰ ਨਮੋਲ ਦੁਆਰਾ ਇੱਕ ਪਾਤਰੀ ਨਾਟਕ 'ਸੁਲਘਦੀ ਧਰਤੀ' ਦਾ ਮੰਚਨ ਕਰਕੇ ਪੰਜਾਬ ਵਿੱਚ ਨਸ਼ਿਆਂ ਦੇ ਵਗਦੇ ਦਰਿਆ ਬਾਰੇ ਵਿਦਿਆਰਥੀਆਂ ਨੂੰ ਸੁਚੇਤ ਕੀਤਾ ਗਿਆ। ਆਗੂਆਂ ਨਾਇਬ ਸਿੰਘ ਰਟੋਲਾਂ ਅਤੇ ਸਤਨਾਮ ਉਭਾਵਾਲ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਇਸ ਉਪਰੰਤ ਪੰਜਵੀਂ, ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਦੇ ਸਰਕਾਰੀ ਅਤੇ ਪ੍ਰਾਇਮਰੀ ਸਕੂਲ ਕੈਟਾਗਰੀ ਦੇ ਪਹਿਲੇ ਤੇਰਾਂ ਵਿਦਿਆਰਥੀਆਂ ਨੂੰ ਕਿਤਾਬਾਂ ਦਾ ਸੈੱਟ, ਡਾਇਰੀ, ਮੋਮੈਂਟੋ, ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਹਰੇਕ ਕੈਟਾਗਰੀ ਵਿੱਚ ਪਹਿਲੇ ਤਿੰਨ ਸਥਾਨਾਂ ਉੱਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇੱਕ ਵਾਰ ਵਜ਼ੀਫ਼ੇ ਦੇ ਰੂਪ ਵਿੱਚ ਨਕਦ ਰਾਸ਼ੀ ਵੀ ਦਿੱਤੀ ਗਈ। ਕੁੱਲ ਮਿਲਾ ਕੇ 150 ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।ਅੰਤ 'ਤੇ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਨੇ ਸਮਾਰੋਹ ਵਿੱਚ ਸ਼ਾਮਿਲ ਹੋਣ ਵਾਲਿਆਂ ਦਾ ਧੰਨਵਾਦ ਕੀਤਾ। ਜ਼ਿਲ੍ਹਾ ਸਕੱਤਰ ਹਰਭਗਵਾਨ ਗੁਰਨੇ ਅਤੇ ਸੁਖਪਾਲ ਧੂਰੀ ਦੁਆਰਾ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ ਗਈ।

# ਕੌਮਾਂਤਰੀ ਮਜ਼ਦੂਰ ਦਿਵਸ ਨੂੰ, "ਫਾਸ਼ੀਵਾਦੀ ਵਿਰੋਧੀ ਦਿਵਸ"ਵਜੋਂ ਮਨਾਉਣ ਦਾ ਫੈਸਲਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪ੍ਰੈਲ INTERNATIONAL PAPER, 94636 01616 hardipchumber57@gmail.com



ਮਾਨਸਾ 27ਅਪ੍ਰੈਲ ( ਆਤਮਾ ਸਿੰਘ ਪਮਾਰ ) ਕੌਮਾਂਤਰੀ ਮਜ਼ਦੂਰ ਦਿਵਸ ਨੂੰ ਮਨਾਉਣ ਲਈ ਮਾਨਸਾ ਜ਼ਿਲ੍ਹੇ ਦੀ ਸਾਂਝੀ ਮਜ਼ਦੂਰ ਕਿਸਾਨ, ਦੁਕਾਨਦਾਰ, ਮੁਲਾਜ਼ਮ ਸੰਘਰਸ਼ ਕਮੇਟੀ ਦੀ ਮੀਟਿੰਗ ਸਥਾਨਕ ਬਾਬਾ ਬੂਝਾ ਸਿੰਘ ਭਵਨ ਵਿਖੇ ਹੋਈ, ਜਿਸ 'ਚ ਟਰੇਡ ਯੂਨੀਅਨਾਂ, ਮਜ਼ਦੂਰ ਜੱਥੇਬੰਦੀਆਂ, ਸੰਯੁਕਤ ਕਿਸਾਨ ਮੋਰਚਾ ਅਤੇ ਮੁਲਾਜ਼ਮ ਜਥੇਬੰਦੀਆਂ ਵਲੋਂ ਕੌਮਾਂਤਰੀ ਮਜ਼ਦੂਰ ਦਿਵਸ ਨੂੰ "ਫ਼ਾਸ਼ੀਵਾਦੀ ਵਿਰੋਧੀ ਦਿਵਸ " ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ ।

ਪ੍ਰੈਸ ਬਿਆਨ ਜਾਰੀ ਕਰਦਿਆਂ ਆਲ ਇੰਡੀਆ ਸੈਂਟਰਲ ਕੌਂਸਲ ਆਫ ਟਰੇਡ ਯੂਨੀਅਨ ਏਕਟੂ ਦੇ ਸੂਬਾ ਪ੍ਰਧਾਨ ਕਾ. ਰਾਜਵਿੰਦਰ ਸਿੰਘ ਰਾਣਾ, ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬੁਰਜ ਗਿੱਲ ਦੇ ਜ਼ਿਲ੍ਹਾ ਸਕੱਤਰ ਮਹਿੰਦਰ ਸਿੰਘ ਭੈਣੀਬਾਘਾ, ਪੰਜਾਬ ਖੇਤ ਮਜ਼ਦੂਰ ਸਭਾ ਏਕਟ ਦੇ ਸੂਬਾ ਆਗੂ ਕ੍ਰਿਸਨ ਚੌਹਾਨ , ਜਮਹੂਰੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਅਮਰੀਕ ਸਿੰਘ ਫਫੜੇ , ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕਾ .ਬਲਵਿੰਦਰ ਘਰਾਂਗਣਾਂ , ਗੁਰਸੇਵਕ ਮਾਨਬੀਬੜੀਆਂ , ਕਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭਜਨ ਸਿੰਘ ਘੁੰਮਣ , ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਸੁਖਚਰਨ ਦਾਨੇਵਾਲੀਆ,ਦੇਧੀ ਯੂਨੀਅਨ ਦੇ ਸੂਬਾ ਸਕੱਤਰ ਸੱਤਪਾਲ ਮਾਨਸਾ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਸਕੱਤਰ ਅਸ਼ੀ ਮੌੜ ਅਤੇ ਪੈਨਸ਼ਨਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸਿਕੰਦਰ ਸਿੰਘ ਘਰਾਂਗਣਾ , ਬਲਵੰਤ ਫ਼ਕਰ ਨੇ ਕਿਹਾ ਕਿ ਕੇਂਦਰ ਦੀ ਫਾਸ਼ੀਵਾਦ ਮੋਦੀ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਦੇ ਕਾਰੋਬਾਰ ਨੂੰ ਹੋਰ ਪ੍ਰਫੁੱਲਤ ਕਰਨ ਲਈ ਕਿਰਤ ਕਾਨੂੰਨਾਂ ਵਿੱਚ ਸੋਧਾਂ ਕਰਕੇ ਫੈਕਟਰੀ ਅਤੇ ਹੋਰ ਥਾਵਾਂ ਵਿੱਚ ਦਿਹਾੜੀ ਕਰਨ ਵਾਲੇ ਮਜ਼ਦੂਰਾਂ ਦੀ ਉਜ਼ਰਤਾਂ ਲੁੱਟਣ ਦਾ ਰਾਹ ਪੱਧਰ ਕਰ ਦਿੱਤਾ ਪੂਰੀ ਦੁਨੀਆ ਵਿੱਚ ਇੱਕ ਮਈ ਨੂੰ ਸਘੰਰਸ਼ ਕਰ ਕੇ ਕੁਰਬਾਨੀਆਂ ਨਾਲ ਹਾਸਲ ਅੱਠ ਘੰਟੇ ਕੰਮ ਦਿਹਾੜੀ ਨੂੰ ਘੱਟ ਕਰਨ ਦੀ ਥਾਂ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ ਤੇ 12 ਘੰਟੇ ਕਰਨ ਜਾ ਰਹੀ ਹੈ ਜਿਸ ਨੂੰ ਮਜ਼ਦੂਰ ਕਦੀ ਵੀ ਬਰਦਾਸ਼ਤ ਨਹੀਂ ਕਰਨਗੇ।ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਨੂੰ ਵਾਪਸ ਲਿਆਂਦਾ ਜਾ ਰਿਹਾ ਹੈ ਪ੍ਰਚੂਨ ਖੇਤਰ ਵਿੱਚ ਵੱਡੀਆਂ ਕੰਪਨੀਆਂ ਨੂੰ ਨਿਵੇਸ਼ ਦੀ ਖੁੱਲ੍ਹ ਦੇ ਕੇ ਛੋਟੇ ਦੁਕਾਨਦਾਰਾਂ ਨੂੰ ਉਜਾੜਿਆ ਜਾ ਰਿਹਾ ਹੈ। ਅਜਿਹੇ ਸਮੇਂ ਸਾਰੇ ਵਰਗਾਂ ਨੂੰ ਇਕਜੁੱਟ ਹੋ ਕੇ ਸਾਂਝੇ ਸੰਘਰਸ਼ਾਂ ਨੂੰ ਅੱਗੇ ਵਧਾਉਣਾ ਚਾਹੀਦਾ ਹੈ । ਮੋਦੀ ਸਰਕਾਰ ਜਿਥੇ ਮਜ਼ਦੂਰਾਂ ਕਿਸਾਨਾਂ ਦੇ ਸੰਘਰਸ਼ਾਂ ਨੂੰ ਕੁਚਲਣ ਲਈ ਜ਼ਬਰ ਦਾ ਸਹਾਰਾ ਲੈ ਰਹੀ ਹੈ। ਉਥੇ ਪੂਰੇ ਦੇਸ਼ ਅੰਦਰ ਧਾਰਮਿਕ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾ ਕੇ ਨਸਲੀ ਨਫ਼ਰਤ ਭੜਕਾਈ ਜਾ ਰਹੀ ਹੈ। ਦੇਸ਼ ਅੰਦਰ ਘੱਟ ਗਿਣਤੀਆਂ ਅੰਦਰ ਡਰ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ।ਅਜਿਹੇ ਸਮੇਂ ਮਜ਼ਦੂਰ ਕਿਸਾਨ ਦੁਕਾਨਦਾਰ ਮੁਲਾਜ਼ਮ ਸੰਘਰਸ਼ ਕਮੇਟੀ ਨੇ ਇੱਕ ਮਈ ਨੂੰ " ਫ਼ਾਸ਼ੀਵਾਦੀ ਵਿਰੋਧੀ ਦਿਵਸ" ਵਜੋਂ ਮਨਾਉਣ ਦਾ ਫੈਸਲਾ ਕੀਤਾ ਹੈ । ਇਹ ਰੈਲੀ ਰੇਲਵੇ ਮਾਲ ਗੋਦਾਮ ਤੇ ਕੀਤੀ ਜਾਵੇਗੀ ਅਤੇ ਸ਼ਹਿਰ ਵਿਚ ਮਾਰਚ ਕੀਤਾ ਜਾਵੇਗਾ ।ਸਮੂਹ ਇਨਸਾਫ਼ ਪਸੰਦ ਤੇ ਜਮਹੂਰੀ ਲੋਕਾਂ ਨੂੰ ਅਪੀਲ ਕੀਤੀ ਕਿ ਇੱਕਠੇ ਹੋ ਕੇ ਕਾਰਪੋਰੇਟ ਘਰਾਣਿਆਂ ਦੇ ਪੱਖੀ ਕੇਂਦਰ ਤੇ ਸੂਬਾ ਸਰਕਾਰਾਂ ਦੇ ਲੋਕ ਵਿਰੋਧੀ ਫੈਸਲਿਆਂ ਨੂੰ ਇੱਕਠੇ ਹੋ ਕੇ ਰੋਕਿਆ ਜਾ ਸਕਦਾ ਹੈ ।

# ਭਲਵਾਲ ਐਸ ਡੀ ਸੀਨੀਅਰ ਸੈਕੰਡਰੀ ਸਕੂਲ ਦੇ ਓਲਡ ਵਿਦਿਆਰਥੀਆਂ ਦੀ ਮੀਟਿੰਗ ਹੋਈ

## ਪਹਿਲਗਾਮ ਵਿੱਚ ਅੱਤਵਾਦੀਆਂ ਵੱਲੋਂ ਮਾਰੇ ਗਏ ਲੋਕਾਂ ਨਾਲ ਦੁੱਖ ਸਾਂਝਾ ਕਰਦੇ ਹੋਏ ਇਸ ਘਣਾਉਣੀ ਕਾਰਵਾਈ ਦੀ ਨਿਖੇਧੀ ਕੀਤੀ ਗਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪ੍ਰੈਲ INTERNATIONAL PAPER, 94636 01616 hardipchumber57@gmail.com




ਸ੍ਰੀ ਚਮਕੌਰ ਸਾਹਿਬ 26 ਅਪ੍ਰੈਲ (ਹਰਦਿਆਲ ਸਿੰਘ ਸੰਧੂ) ਭਲਵਾਲ ਐਸ ਡੀ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਚਮਕੌਰ ਸਾਹਿਬ ਦੇ ਪੁਰਾਣੇ ਵਿਦਿਆਰਥੀਆਂ ਦੀ ਵਿਸੇਸ ਮੀਟਿੰਗ ਰਕੇਸ਼ ਕੁਮਾਰ ਸਹਿਦੇਵ, ਮਲਾਗਰ ਸਿੰਘ ਦੀ ਪ੍ਰਧਾਨਗੀ ਹੇਠ ਸਕੂਲ ਵਿੱਚ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਮਲਾਗਰ ਸਿੰਘ ਨੇ ਦੱਸਿਆ ਕਿ ਸਕੂਲ ਦੇ ਸਲਾਨਾ ਇਨਾਮ ਵੰਡ ਸਮਾਗਮ ਵਿੱਚ ਸਕੂਲ ਵਿੱਚ ਪਹਿਲੀ ਜਮਾਤ ਤੋਂ ਲੈ ਕੇ 1985/86 ਤੇ 1995/96 ਦੇ 10ਵੀਂ ਪਾਸ ਕਰਕੇ ਗਏ ਸਕੂਲ ਦੇ ਪੁਰਾਣੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਵਿਦਿਆਰਥੀਆਂ ਨੇ ਆਪਣੀਆਂ ਯਾਦਾਂ ਦੀ ਸਾਂਝ ਪਾਉਂਦਿਆਂ ਉਹਨਾਂ ਦੀ ਜ਼ਿੰਦਗੀ ਨੂੰ ਤਰਾਸ਼ਣ ਵਿੱਚ ਸਕੂਲ ਦੇ ਇਤਿਹਾਸਕ ਰੋਲ, ਅਧਿਆਪਕਾਂ ਦੇ ਰੋਲ ਦੀ ਚਰਚਾ ਕੀਤੀ ਅਤੇ ਆਪਣੇ ਤਜਰਬੇ ਸਾਂਝੇ ਕਰਦਿਆਂ ਸਕੂਲ ਦੀ ਮਿੱਟੀ ਨੂੰ ਨਤਮਸਤਕ ਹੋ ਕੇ ਆਪਣਾ ਸਲਾਮ ਭੇਟ ਕੀਤਾ। ਇਹਨਾਂ ਦੱਸਿਆ ਕਿ ਦੇਸ਼, ਵਿਦੇਸ਼ ਵਿੱਚ ਬੈਠੇ ਇਸ ਸਕੂਲ ਦੇ ਪੁਰਾਣੇ ਵਿਦਿਆਰਥੀਆਂ ਨੇ ਵੀ ਸਕੂਲ ਦੀ ਮਿੱਟੀ ਨੂੰ ਸਲਾਮ ਭੇਟ ਕੀਤੀ । ਸਮਾਗਮ ਉਪਰੰਤ ਹੋਈ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਸਕੂਲ ਨਾਲ ਇਲਾਕੇ ਅਤੇ ਦੇਸ਼ ਵਿਦੇਸ਼ ਵਿੱਚ ਬੈਠੇ ਪੁਰਾਣੇ ਵਿਦਿਆਰਥੀਆਂ ਨੂੰ ਸਕੂਲ ਦੇ ਇਤਿਹਾਸ ਨਾਲ ਜੋੜਨ, ਗਰੀਬ ਵਿਦਿਆਰਥੀਆਂ ਦੇ ਭਵਿੱਖ ਨੂੰ ਹੋਰ ਤਰਾਸ਼ਣ ਲਈ ਮਦਦ ਕਰਨ ਅਤੇ ਇਸ ਸਕੂਲ ਨੂੰ ਹੋਰ ਅੱਗੇ ਲੈ ਕੇ ਜਾਣ ਲਈ ਸਕੂਲ ਦੀ ਮੈਨੇਜਮੈਂਟ ਕਮੇਟੀ ਦੀ ਸਹਾਇਤਾ ਕਰਨ ਲਈ ਓਲਡ ਸਟੂਡੈਂਟ ਐਸੋਸੀਏਸ਼ਨ ਦਾ ਗਠਨ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਆਰਜ਼ੀ ਕਮੇਟੀ ਬਣਾਈ ਗਈ ਜੋ ਸਾਰੇ ਪੁਰਾਣੇ ਵਿਦਿਆਰਥੀਆਂ ਨਾਲ ਸੰਪਰਕ ਕਰਕੇ ਅਤੇ ਅਗਲੀ ਮੀਟਿੰਗ ਵਿੱਚ ਇਸ ਐਸੋਸੀਏਸ਼ਨ ਦੀ ਸਰਬ ਸੰਮਤੀ ਨਾਲ ਚੋਣ ਕੀਤੀ ਜਾਵੇਗੀ । ਇਸ ਕਮੇਟੀ ਵਿੱਚ ਰਕੇਸ਼ ਕੁਮਾਰ ਸਹਦੇਵ, ਮਲਾਗਰ ਸਿੰਘ, ਗੁਰਦੀਪ ਸਿੰਘ ਬਸੀ ਗੁਜਰਾਂ, ਆਕਾਸ਼ਦੀਪ, ਤਰਨ ਕਪੂਰ, ਦੀਪਕ ਸੂਦ, ਬਿਕਰਮ ਸਿੰਘ ਆਦਿ ਸ਼ਾਮਿਲ ਕੀਤੇ ਗਏ । ਮੀਟਿੰਗ ਵਿੱਚ ਪਹਿਲਗਾਮ ਵਿੱਚ ਅੱਤਵਾਦੀਆਂ ਵੱਲੋਂ ਮਾਰੇ ਗਏ ਲੋਕਾਂ ਨਾਲ ਦੁੱਖ ਸਾਂਝਾ ਕਰਦੇ ਹੋਏ ਇਸ ਘਣਾਉਣੀ ਕਾਰਵਾਈ ਦੀ ਨਿਖੇਧੀ ਕੀਤੀ ਗਈ। ਮੀਟਿੰਗ ਵਿੱਚ ਅਮਰਜੀਤ ਸਿੰਘ ਢਿੱਲੋਂ, ਵਿਜੇ ਕੁਮਾਰ, ਅਨਿਲ ਕੁਮਾਰ, ਦੀਪਕ ਸੂਦ, ਤਰਨ ਕੁਮਾਰ, ਆਕਾਸ਼ਦੀਪ, ਬ੍ਰਹਮ ਸਿੰਘ ਸੰਜੀਵ ਕੁਮਾਰ, ਮੁਰਾਰੀ ਲਾਲ, ਰਜੀਵ ਕੁਮਾਰ, ਗੁਰਦੀਪ ਸਿੰਘ, ਬਹਾਦਰ ਸਿੰਘ, ਮਲਕੀਤ ਸਿੰਘ ਮੁੰਡੀਆਂ, ਮਨਪ੍ਰੀਤ ਸਿੰਘ, ਚੀਨਾ ਆਦਿ ਹਾਜ਼ਰ ਸਨ। ਫੋਟੋ ਕੈਪਸ਼ਨ ਮੀਟਿੰਗ ਉਪਰੰਤ ਜਾਣਕਾਰੀ ਦਿੰਦੇ ਹੋਏ

# ਅੱਤਵਾਦੀ ਹਮਲੇ ਨੂੰ ਲੈ ਕੇ ਵਿਦੇਸ਼ਾਂ ਵਿੱਚ ਗੁੱਸਾ ਅਤੇ ਨਾਰਾਜ਼ਗੀ। ਇਸ ਅੱਤਵਾਦੀ ਹਮਲੇ ਦੇ ਸਬੰਧ ਵਿੱਚ ਵਿਦੇਸ਼ਾਂ ਵਿੱਚ ਵੀ ਵਿਰੋਧ ਪ੍ਰਦਰਸ਼ਨ ਕੀਤੇ ਗਏ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 27 ਅਪ੍ਰੈਲ INTERNATIONAL PAPER, 94636 01616 hardipchumber57@gmail.com



ਨਾਭਾ 26 ਅਪ੍ਰੈਲ( ਬਾਂਗਾਂ /ਬੇਅੰਤ ਸਿੰਘ ਰੋਹਟੀ ਖਾਸ) ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਨੂੰ ਲੈ ਕੇ ਜਿੱਥੇ ਪੂਰੇ ਦੇਸ਼ ਵਿੱਚ ਗੁੱਸੇ ਦੀ ਲਹਿਰ ਹੈ, ਉੱਥੇ ਹੀ ਵਿਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀ ਵੀ ਇਸ ਹਮਲੇ ਨੂੰ ਲੈ ਕੇ ਬਹੁਤ ਗੁੱਸੇ ਵਿੱਚ ਹਨ, ਜਿਸ ਕਾਰਨ ਡੈਨਿਸ਼ ਸ਼ਹਿਰ ਕੋਪਨਹੇਗਨ ਵਿੱਚ ਰਹਿਣ ਵਾਲੇ ਭਾਰਤੀ ਭਾਈਚਾਰੇ ਨੇ ਪਹਿਲਗਾਮ ਅੱਤਵਾਦੀ ਹਮਲੇ ਦੇ ਵਿਰੋਧ ਵਿੱਚ ਇੱਕ ਸ਼ਾਂਤਮਈ ਮਾਰਚ ਕੱਢਿਆ। ਇਸ ਵਿੱਚ ਸਾਰੇ ਧਰਮਾਂ ਅਤੇ ਭਾਰਤ ਦੇ ਸਾਰੇ ਰਾਜਾਂ ਦੇ ਸੈਂਕੜੇ ਲੋਕਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਬੱਚੇ ਅਤੇ ਔਰਤਾਂ ਵੀ ਸ਼ਾਮਲ ਸਨ। ਇਹ ਮਾਰਚ ਗਮਲੇ ਟੋਰਵ ਤੋਂ ਸ਼ੁਰੂ ਹੋਇਆ ਅਤੇ ਟਾਊਨ ਹਾਲ ਸਕੁਏਅਰ ਪਹੁੰਚਿਆ ਅਤੇ ਲਗਭਗ ਇੱਕ ਘੰਟਾ ਚੱਲਿਆ। ਇਹ ਜਾਣਕਾਰੀ ਸਮਾਜ ਸੇਵਕ ਰਮੇਸ਼ ਭਾਰਦਵਾਜ ਨੇ ਫ਼ੋਨ 'ਤੇ ਦਿੱਤੀ, ਜੋ ਕਿ 4 ਦਹਾਕਿਆਂ ਤੋਂ ਡੈਨਮਾਰਕ ਵਿੱਚ ਰਹਿ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਸ ਸ਼ਾਂਤੀ ਮਾਰਚ ਵਿੱਚ ਸਾਰਿਆਂ ਦੀਆਂ ਅੱਖਾਂ ਨਮ ਸਨ, ਦਿਲ ਵਿੱਚ ਬਹੁਤ ਦਰਦ ਸੀ ਅਤੇ ਵੰਦੇ ਮਾਤਰਮ, ਭਾਰਤ ਮਾਤਾ ਕੀ ਜੈ ਦੇ ਨਾਅਰੇ ਲਗਾਉਂਦੇ ਹੋਏ, ਸ਼ਾਂਤੀ ਮਾਰਚ ਇੱਥੋਂ ਦੀ ਪੈਦਲ ਸਟਰੀਟ ਰਾਹੀਂ ਟਾਊਨ ਹਾਲ ਸਕੁਏਅਰ ਤੱਕ ਪਹੁੰਚਿਆ। ਇੱਥੇ ਪਹੁੰਚਣ ਤੋਂ ਬਾਅਦ ਸਾਰਿਆਂ ਨੇ ਅੱਤਵਾਦ ਵਿਰੁੱਧ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਅੱਤਵਾਦ ਵਿੱਚ ਮਾਰੇ ਗਏ ਲੋਕਾਂ ਨੂੰ ਦੀਵੇ ਜਗਾ ਕੇ ਅਤੇ ਫੁੱਲ ਭੇਟ ਕਰਕੇ ਸ਼ਰਧਾਂਜਲੀ ਦਿੱਤੀ।

ਅਸੀਂ ਡੈਨਮਾਰਕ ਵੱਲੋਂ ਸਾਡੇ ਮਾਸੂਮ ਨਾਗਰਿਕਾਂ, ਖਾਸ ਕਰਕੇ ਸਾਡੇ ਹਿੰਦੂ ਭਾਈਚਾਰੇ 'ਤੇ ਹੋਏ ਇਸ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕਰਦੇ ਹਾਂ।

ਇਹ ਇੱਕ ਨਿਸ਼ਾਨਾ ਬਣਾਇਆ ਹਮਲਾ ਸੀ ਅਤੇ ਅਸੀਂ ਉਮੀਦ ਕਰਦੇ ਹਾਂ ਕਿ ਸਾਡੀ ਸਰਕਾਰ ਇਸ ਨਾਲ ਸਖ਼ਤੀ ਨਾਲ ਨਜਿੱਠੇਗੀ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਵੇਗੀ।

ਇਹ ਦਹਿਸ਼ਤ ਸਿਰਫ਼ ਭਾਰਤ ਵਰਗੇ ਦੇਸ਼ ਵਿੱਚ ਹੀ ਕਿਉਂ ਫੈਲ ਰਹੀ ਹੈ, ਜੋ ਦੁਨੀਆ ਨੂੰ ਆਪਣਾ ਪਰਿਵਾਰ ਸਮਝਦਾ ਹੈ, ਇਸੇ ਕਰਕੇ ਉਹ ਲੋਕ ਸਾਡੇ ਦੇਸ਼ ਦੀ ਤਰੱਕੀ ਨੂੰ ਬਰਦਾਸ਼ਤ ਨਹੀਂ ਕਰ ਪਾ ਰਹੇ।

ਹੁਣ ਸਮਾਂ ਆ ਗਿਆ ਹੈ ਕਿ ਪੂਰੀ ਦੁਨੀਆ ਅੱਤਵਾਦ ਨਾਲ ਲੜਨ ਲਈ ਇਕੱਠੇ ਹੋਵੇ।

ਪੂਰੀ ਦੁਨੀਆ ਨੂੰ ਇਸ ਅੱਤਵਾਦੀ ਘਟਨਾ ਦੀ ਸਖ਼ਤ ਨਿੰਦਾ ਕਰਨੀ ਚਾਹੀਦੀ ਹੈ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਅਸੀਂ ਦੁਨੀਆ ਨੂੰ ਅਪੀਲ ਕਰਦੇ ਹਾਂ ਕਿ ਸਾਰਿਆਂ ਨੂੰ ਅੱਤਵਾਦ ਦੇ ਖਾਤਮੇ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਤਸਵੀਰ: ਯੂਰਪੀ ਦੇਸ਼ ਡੈਨਮਾਰਕ ਵਿੱਚ ਭਾਰਤੀ ਮੂਲ ਦੇ ਲੋਕ ਭਾਰਤ ਵਿੱਚ ਹੋਏ ਅੱਤਵਾਦੀ ਹਮਲੇ ਵਿਰੁੱਧ ਗੁੱਸਾ ਪ੍ਰਗਟ ਕਰਦੇ ਹੋਏ ਅਤੇ ਭਾਰਤ ਸਰਕਾਰ ਤੋਂ ਇਨਸਾਫ਼ ਦੀ ਮੰਗ ਕਰਦੇ ਹੋਏ।

# ਐਨ.ਸੀ.ਈ.ਆਰ.ਟੀ. ਦੀਆਂ ਨਵੀਆਂ ਪਾਠ ਪੁਸਤਕਾਂ, ਮੁਗਲ, ਦਿੱਲੀ ਸਲਤਨਤ ਦੇ ਹਵਾਲੇ ਵੀ ਗਾਇਬ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com



ਨਵੀਂ ਦਿੱਲੀ : ਐੱਨ.ਸੀ.ਈ.ਆਰ.ਟੀ. ਦੀਆਂ ਸੱਤਵੀਂ ਜਮਾਤ ਦੀਆਂ ਪਾਠ ਪੁਸਤਕਾਂ 'ਚੋਂ ਮੁਗਲਾਂ ਅਤੇ ਦਿੱਲੀ ਸਲਤਨਤ ਦੇ ਸਾਰੇ ਹਵਾਲੇ ਹਟਾ ਦਿਤੇ ਗਏ ਹਨ, ਜਦਕਿ ਭਾਰਤੀ ਰਾਜਵੰਸ਼ਾਂ, ਪਵਿੱਤਰ ਭੂਗੋਲ, ਮਹਾਕੁੰਭ ਦੇ ਹਵਾਲੇ ਅਤੇ 'ਮੇਕ ਇਨ ਇੰਡੀਆ' ਤੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਵਰਗੀਆਂ ਸਰਕਾਰੀ ਪਹਿਲਕਦਮੀਆਂ 'ਤੇ ਪਾਠ ਸ਼ਾਮਲ ਕੀਤੇ ਗਏ ਹਨ।

ਇਸ ਹਫਤੇ ਜਾਰੀ ਕੀਤੀਆਂ ਗਈਆਂ ਨਵੀਆਂ ਪਾਠ ਪੁਸਤਕਾਂ ਨਵੀਂ ਕੌਮੀ ਸਿੱਖਿਆ ਨੀਤੀ (ਐਨ.ਈ.ਪੀ.) ਅਤੇ ਸਕੂਲ ਸਿੱਖਿਆ ਲਈ ਕੌਮੀ ਪਾਠਕ੍ਰਮ ਫਰੇਮਵਰਕ (ਐਨ.ਸੀ.ਐਫ.ਐਸ.ਈ.) 2023 ਦੇ ਅਨੁਸਾਰ ਤਿਆਰ ਕੀਤੀਆਂ ਗਈਆਂ ਹਨ, ਜੋ ਸਕੂਲੀ ਸਿੱਖਿਆ 'ਚ ਭਾਰਤੀ ਪਰੰਪਰਾਵਾਂ, ਦਰਸ਼ਨ, ਗਿਆਨ ਪ੍ਰਣਾਲੀਆਂ ਅਤੇ ਸਥਾਨਕ ਪ੍ਰਸੰਗ ਨੂੰ ਸ਼ਾਮਲ ਕਰਨ 'ਤੇ ਜ਼ੋਰ ਦਿੰਦੀਆਂ ਹਨ।

ਸੰਪਰਕ ਕੀਤੇ ਜਾਣ 'ਤੇ ਐੱਨ.ਸੀ.ਈ.ਆਰ.ਟੀ. ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਕਿਤਾਬ ਦਾ ਸਿਰਫ ਪਹਿਲਾ ਹਿੱਸਾ ਹੈ ਅਤੇ ਆਉਣ ਵਾਲੇ ਮਹੀਨਿਆਂ 'ਚ ਦੂਜਾ ਭਾਗ ਆਉਣ ਦੀ ਉਮੀਦ ਹੈ। ਹਾਲਾਂਕਿ, ਉਨ੍ਹਾਂ ਨੇ ਇਸ ਬਾਰੇ ਕੋਈ ਟਿਪਣੀ ਨਹੀਂ ਕੀਤੀ ਕਿ ਕਿਤਾਬ ਦੇ ਦੂਜੇ ਭਾਗ 'ਚ ਛੱਡੇ ਗਏ ਹਿੱਸੇ ਨੂੰ ਬਰਕਰਾਰ ਰੱਖਿਆ ਜਾਵੇਗਾ ਜਾਂ ਨਹੀਂ।

ਐੱਨ.ਸੀ.ਈ.ਆਰ.ਟੀ. ਨੇ ਪਹਿਲਾਂ ਮੁਗਲਾਂ ਅਤੇ ਦਿੱਲੀ ਸਲਤਨਤ- ਜਿਸ 'ਚ ਤੁਗਲਕ, ਖਿਲਜੀ, ਮਮਲੂਕ ਅਤੇ ਲੋਧੀ ਵਰਗੇ ਰਾਜਵੰਸ਼ਾਂ ਦਾ ਵਿਸਥਾਰ ਪੂਰਵਕ ਵੇਰਵਾ ਅਤੇ ਮੁਗਲ ਬਾਦਸ਼ਾਹਾਂ ਦੀਆਂ ਪ੍ਰਾਪਤੀਆਂ ਬਾਰੇ ਦੋ ਪੰਨਿਆਂ ਦੀ ਸਾਰਨੀ ਸ਼ਾਮਲ ਸੀ, ਨੂੰ 2022-23 'ਚ ਕੋਵਿਡ-19 ਮਹਾਂਮਾਰੀ ਦੌਰਾਨ ਅਪਣੇ ਸਿਲੇਬਸ ਨੂੰ ਤਰਕਸੰਗਤ ਬਣਾਉਣ ਦੇ ਹਿੱਸੇ ਵਜੋਂ ਹਟਾ ਦਿਤਾ ਸੀ, ਪਰ ਨਵੀਂ ਪਾਠ ਪੁਸਤਕ ਨੇ ਹੁਣ ਉਨ੍ਹਾਂ ਦੇ ਸਾਰੇ ਹਵਾਲੇ ਹਟਾ ਦਿਤੇ ਹਨ।

ਕਿਤਾਬ 'ਚ ਹੁਣ ਸਾਰੇ ਨਵੇਂ ਅਧਿਆਇ ਹਨ ਜਿਨ੍ਹਾਂ 'ਚ ਮੁਗਲਾਂ ਅਤੇ ਦਿੱਲੀ ਸਲਤਨਤ ਦਾ ਕੋਈ ਜ਼ਿਕਰ ਨਹੀਂ ਹੈ। ਸਮਾਜਕ ਵਿਗਿਆਨ ਦੀ ਪਾਠ ਪੁਸਤਕ 'ਐਕਸਪਲੋਰਿੰਗ ਸੋਸਾਇਟੀ: ਇੰਡੀਆ ਐਂਡ ਬਿਓਂਡ' 'ਚ ਪ੍ਰਾਚੀਨ ਭਾਰਤੀ ਰਾਜਵੰਸ਼ਾਂ ਜਿਵੇਂ ਕਿ ਮਗਧ, ਮੌਰੀਆ, ਸ਼ੁੰਗਸ ਅਤੇ ਸੱਤਗੱਡੀਆਂ ਬਾਰੇ ਨਵੇਂ ਅਧਿਆਇ ਹਨ ਜੋ 'ਭਾਰਤੀ ਨੈਤਿਕਤਾ' 'ਤੇ ਧਿਆਨ ਕੇਂਦਰਿਤ ਕਰਦੇ ਹਨ।

ਕਿਤਾਬ ਦੇ ਨਵੇਂ ਸੰਸਕਰਣ 'ਚ 'ਕਿਵੇਂ ਧਰਤੀ ਪਵਿੱਤਰ ਬਣ ਜਾਂਦੀ ਹੈ' ਨਾਮਕ ਇਕ ਅਧਿਆਇ ਵੀ ਹੈ ਜੋ ਇਸਲਾਮ, ਈਸਾਈ ਧਰਮ, ਯਹੂਦੀ ਧਰਮ, ਅਤੇ ਪਾਰਸੀ ਧਰਮ, ਹਿੰਦੂ ਧਰਮ, ਬੁੱਧ ਧਰਮ ਅਤੇ ਸਿੱਖ ਧਰਮ ਵਰਗੇ ਧਰਮਾਂ ਲਈ ਭਾਰਤ ਅਤੇ ਬਾਹਰ ਪਵਿੱਤਰ ਅਤੇ ਤੀਰਥ ਮੰਨੇ ਜਾਣ ਵਾਲੇ ਸਥਾਨਾਂ 'ਤੇ ਕੇਂਦਰਤ ਹੈ।

ਇਸ ਅਧਿਆਇ 'ਚ 'ਪਵਿੱਤਰ ਭੂਗੋਲ' ਵਰਗੇ ਸੰਕਲਪਾਂ ਨੂੰ ਪੇਸ਼ ਕੀਤਾ ਗਿਆ ਹੈ ਜਿਸ 'ਚ 12 ਜਯੋਤਿਰਲਿੰਗਾਂ, ਚਾਰ ਧਾਮ ਯਾਤਰਾ ਅਤੇ 'ਸ਼ਕਤੀ ਪੀਠਾਂ' ਵਰਗੇ ਸਥਾਨਾਂ ਦੇ ਨੈੱਟਵਰਕ ਦਾ ਵੇਰਵਾ ਦਿਤਾ ਗਿਆ ਹੈ। ਇਸ ਅਧਿਆਇ 'ਚ ਨਦੀਆਂ ਦੇ ਸੰਗਮ, ਪਹਾੜਾਂ ਅਤੇ ਜੰਗਲਾਂ ਵਰਗੀਆਂ ਥਾਵਾਂ ਦਾ ਵੀ ਵੇਰਵਾ ਦਿਤਾ ਗਿਆ ਹੈ, ਜਿਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ।

ਇਸ ਪਾਠ 'ਚ ਜਵਾਹਰ ਲਾਲ ਨਹਿਰੂ ਦਾ ਇਕ ਹਵਾਲਾ ਸ਼ਾਮਲ ਹੈ, ਜਿਨ੍ਹਾਂ ਨੇ ਭਾਰਤ ਨੂੰ ਬਦਰੀਨਾਥ ਅਤੇ ਅਮਰਨਾਥ ਦੀਆਂ ਬਰਫੀਲੀ ਚੋਟੀਆਂ ਤੋਂ ਕੰਨਿਆਕੁਮਾਰੀ ਦੇ ਦਖਣੀ ਸਿਰੇ ਤਕ ਤੀਰਥਾਂ ਦੀ ਧਰਤੀ ਦਸਿਆ ਸੀ।

ਪਾਠ ਪੁਸਤਕ 'ਚ ਦਾਅਵਾ ਕੀਤਾ ਗਿਆ ਹੈ ਕਿ ਵਰਣ-ਜਾਤੀ ਪ੍ਰਣਾਲੀ ਸ਼ੁਰੂ 'ਚ ਸਮਾਜਕ ਸਥਿਰਤਾ ਪ੍ਰਦਾਨ ਕਰਦੀ ਸੀ, ਪਰ ਬਾਅਦ 'ਚ ਇਹ ਸਖਤ ਹੋ ਗਈ, ਖਾਸ ਕਰ ਕੇ ਬ੍ਰਿਟਿਸ਼ ਸ਼ਾਸਨ ਦੇ ਅਧੀਨ, ਜਿਸ ਨਾਲ ਅਸਮਾਨਤਾਵਾਂ ਪੈਦਾ ਹੋਈਆਂ।

ਇਸ ਸਾਲ ਦੇ ਸ਼ੁਰੂ 'ਚ ਪਰਿਆਗਰਾਜ 'ਚ ਹੋਏ ਮਹਾਕੁੰਭ ਮੇਲੇ ਦਾ ਵੀ ਕਿਤਾਬ 'ਚ ਜ਼ਿਕਰ ਕੀਤਾ ਗਿਆ ਹੈ ਅਤੇ ਦਸਿਆ ਗਿਆ ਹੈ ਕਿ ਕਿਵੇਂ ਲਗਭਗ 66 ਕਰੋੜ ਲੋਕਾਂ ਨੇ ਇਸ 'ਚ ਹਿੱਸਾ ਲਿਆ। ਭਾਜੜ ਦਾ ਕੋਈ ਜ਼ਿਕਰ ਨਹੀਂ ਹੈ ਜਿਸ 'ਚ 30 ਤੀਰਥ ਮੁਸਾਫ਼ਰਾਂ ਦੀ ਮੌਤ ਹੋ ਗਈ ਅਤੇ ਕਈ ਜ਼ਖਮੀ ਹੋ ਗਏ।

ਕਿਤਾਬ 'ਚ ਭਾਰਤ ਦੇ ਸੰਵਿਧਾਨ ਬਾਰੇ ਇਕ ਅਧਿਆਇ ਵੀ ਹੈ, ਜਿਸ 'ਚ ਜ਼ਿਕਰ ਕੀਤਾ ਗਿਆ ਹੈ ਕਿ ਇਕ ਸਮਾਂ ਸੀ ਜਦੋਂ ਲੋਕਾਂ ਨੂੰ ਅਪਣੇ ਘਰਾਂ 'ਚ ਕੌਮੀ ਝੰਡਾ ਲਹਿਰਾਉਣ ਦੀ ਇਜਾਜ਼ਤ ਨਹੀਂ ਸੀ। ਇਹ 2004 'ਚ ਬਦਲ ਗਿਆ ਜਦੋਂ ਇਕ ਨਾਗਰਿਕ ਨੇ ਮਹਿਸੂਸ ਕੀਤਾ ਕਿ ਅਪਣੇ ਦੇਸ਼ 'ਚ ਮਾਣ ਜ਼ਾਹਰ ਕਰਨਾ ਉਸ ਦਾ ਅਧਿਕਾਰ ਹੈ ਅਤੇ ਉਸ ਨੇ ਇਸ ਨਿਯਮ ਨੂੰ ਅਦਾਲਤ 'ਚ ਚੁਨੌਤੀ ਦਿਤੀ।

ਅੰਗਰੇਜ਼ੀ ਪਾਠ ਪੁਸਤਕ 'ਪੂਰਵੀ' 'ਚ, 15 ਕਹਾਣੀਆਂ, ਕਵਿਤਾਵਾਂ ਅਤੇ ਬਿਰਤਾਂਤ ਦੇ ਟੁਕੜਿਆਂ 'ਚੋਂ, ਨੌਂ ਭਾਰਤੀ ਲੇਖਕਾਂ ਜਾਂ ਫੀਚਰ ਸਮੱਗਰੀ ਅਤੇ ਪਾਤਰ ਹਨ ਜੋ ਭਾਰਤੀ ਹਨ, ਜਿਨ੍ਹਾਂ 'ਚ ਰਬਿੰਦਰਨਾਥ ਟੈਗੋਰ, ਏ.ਪੀ.ਜੇ. ਅਬਦੁਲ ਕਲਾਮ ਅਤੇ ਰਸਕਿਨ ਬਾਂਡ ਦੀਆਂ ਰਚਨਾਵਾਂ ਸ਼ਾਮਲ ਹਨ। ਇਸ ਤੋਂ ਪਹਿਲਾਂ 'ਹਨੀਕੰਬ' ਨਾਂ ਦੀ ਪਾਠ ਪੁਸਤਕ ਵਿਚ 17 ਕਹਾਣੀਆਂ, ਕਵਿਤਾਵਾਂ ਅਤੇ ਹੋਰ ਲਿਖਤਾਂ ਸਨ, ਜਿਨ੍ਹਾਂ ਵਿਚੋਂ ਚਾਰ ਭਾਰਤੀ ਲੇਖਕਾਂ ਦੀਆਂ ਸਨ।

ਐ ਨ . ਸੀ . ਈ . ਆ ਰ . ਟੀ. ਦੀਆਂ ਪਾਠ ਪੁਸਤਕਾਂ ਦੇ ਨਵੀਨੀਕਰਨ ਦੀ ਵਿਰੋਧੀ ਪਾਰਟੀਆਂ ਨੇ ਆਲੋਚਨਾ ਕੀਤੀ ਹੈ ਜੋ ਇਸ ਸੁਧਾਰ ਨੂੰ 'ਭਗਵਾਕਰਨ' ਦੇ ਬਰਾਬਰ ਸਮਝਦੇ ਹਨ। ਐੱਨ.ਸੀ.ਈ.ਆਰ.ਟੀ. ਦੇ ਡਾਇਰੈਕਟਰ ਦਿਨੇਸ਼ ਪ੍ਰਸਾਦ ਸਕਲਾਨੀ ਨੇ ਪਿਛਲੇ ਸਾਲ ਪੀ.ਟੀ.ਆਈ. ਨੂੰ ਦਿਤੇ ਇਕ ਇੰਟਰਵਿਊ 'ਚ ਦਾਅਵਾ ਕੀਤਾ ਸੀ, "ਦੰਗਿਆਂ ਬਾਰੇ ਪੜ੍ਹਾਉਣਾ ਛੋਟੇ ਬੱਚਿਆਂ ਨੂੰ ਨਕਾਰਾਤਮਕ ਨਾਗਰਿਕ ਬਣਾ ਸਕਦਾ ਹੈ।"

# ਪਿੰਡ ਭੱਕੂ ਮਾਜਰਾ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਹੋਇਆ

## ਗੁਰਦੁਆਰਾ ਸਾਹਿਬ ਵਿਖੇ ਸਮਾਗਮ ਦੌਰਾਨ 32 ਪ੍ਰਾਣੀਆਂ ਨੇ ਸੰਗਤੀ ਰੂਪ ਵਿੱਚ ਸ੍ਰੀ ਸਹਿਜ ਪਾਠ ਸਾਹਿਬ ਆਰੰਭ ਕੀਤੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com





ਸ੍ਰੀ ਚਮਕੌਰ ਸਾਹਿਬ 26 ਅਪ੍ਰੈਲ (ਹਰਦਿਆਲ ਸਿੰਘ ਸੰਧੂ) ਸ੍ਰੀ ਚਮਕੌਰ ਸਾਹਿਬ ਦੇ ਨਜਦੀਕੀ ਭੱਕੂ ਮਾਜਰਾ ਵਿਖੇ ਭਾਈ ਸ਼ਮਿੰਦਰ ਸਿੰਘ ਦੀ ਅਗਵਾਈ ਵਿੱਚ ਗੁਰਦੁਆਰਾ ਸਾਹਿਬ ਵਿਖੇ ਸਮਾਗਮ ਕਰਵਾਇਆ ਗਿਆ ਜਿਸ ਦੌਰਾਨ 32 ਪ੍ਰਾਣੀਆਂ ਨੇ ਸੰਗਤੀ ਰੂਪ ਵਿੱਚ ਸ੍ਰੀ ਸਹਿਜ ਪਾਠ ਸਾਹਿਬ ਆਰੰਭ ਕੀਤੇ। ਭਾਈ ਰਮਨਪ੍ਰੀਤ ਸਿੰਘ ਖੇੜੀ ਦੀ ਪ੍ਰੇਰਨਾ ਸਦਕਾ ਅਤੇ ਬੀਬੀ ਪ੍ਰਦੀਪ ਕੌਰ ਦਾ ਵੱਡੇ ਯੋਗਦਾਨ ਲਈ ਸਨਮਾਨ ਕੀਤਾ ਗਿਆ। ਸਾਰੇ ਪ੍ਰਾਣੀਆਂ ਨੂੰ ਪੋਥੀਆਂ, ਕਾਪੀਆਂ, ਪੈੱਨ ਅਤੇ ਆਸਣ (ਵਿਛਾਈਆਂ) ਦਿੱਤੀਆਂ ਗਈਆਂ । ਪਾਠ ਕਰਨ ਵਾਲੇ ਸਾਰੇ ਪ੍ਰਾਣੀਆਂ ਲਈ ਸੰਥਿਆ ਅਤੇ ਸ਼ੰਕੇ ਨਿਵਾਰਨ ਦਾ ਵਿਸ਼ੇਸ਼ ਉਪਰਾਲਾ ਕੀਤਾ ਜਾਵੇਗਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸ ਮਹਿੰਦਰ ਸਿੰਘ ਐਚਐਮਟੀ, ਬਾਬਾ ਉੱਗਰ ਸਿੰਘ, ਮੇਵਾ ਸਿੰਘ, ਗੁਰਬਚਨ ਸਿੰਘ ਲੌਂਗੀਆ, ਗੁਰਦੀਪ ਸਿੰਘ ਪ੍ਰੀਤ, ਮਨਜੀਤ ਸਿੰਘ ਸਕੱਤਰ, ਮਾਤਾ ਸਾਹਿਬ ਕੌਰ ਮਹਿਲਾ ਮੰਡਲ ਦੀ ਪ੍ਰਧਾਨ ਬੀਬੀ ਰਾਜਿੰਦਰ ਕੌਰ, ਜਥੇਦਾਰਨੀ ਦਲਬੀਰ ਕੌਰ, ਪ੍ਰਦੀਪ ਕੌਰ, ਰਣਜੀਤ ਕੌਰ, ਕੁਲਵੀਰ ਕੌਰ, ਮਨਪ੍ਰੀਤ ਕੌਰ ਆਦੀਆ, ਜਸਵੀਰ ਕੌਰ ਗੁਰਦੇਵ ਕੌਰ ਸਤਵੰਤ ਕੌਰ ਸਵਰਨ ਕੌਰ, ਗਗਨਦੀਪ ਕੌਰ ਅਤੇ ਕੁਲਦੀਪ ਕੌਰ ਆਦਿ ਹਾਜ਼ਰ ਸਨ।

# ਹੇਮਕੁੰਟ ਸਕੂਲ ਵਿਖੇ 'ਯੁੱਧ ਨਸ਼ਿਆਂ ਵਿਰੁੱਧ, ਮੁਹਿੰਮ ਤਹਿਤ ਗਤੀਵਿਧੀਆਂ ਕਰਵਾਈਆਂ ਗਈਆਂ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com



ਜ਼ੀਰਾ 27 ਅਪ੍ਰੈਲ ( ਅੰਗਰੇਜ਼ ਬਰਾੜ ) - ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹੇਮਕੁੰਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਦੇ ਤਹਿਤ 'ਯੁੱਧ ਨਸ਼ਿਆਂ ਵਿਰੁੱਧ, ਮੁਹਿੰਮ ਤਹਿਤ ਵਿਦਿਆਰਥੀਆਂ ਦੀਆਂ ਵੱਖ ਵੱਖ ਗਤੀਵਿਧੀਆਂ ਕਰਵਾਈਆਂ ਗਈਆਂ! ਸਕੂਲ ਵੱਲੋਂ ਪੂਰਾ ਇੱਕ ਹਫਤਾ ਸਵੇਰ ਦੀ ਪ੍ਰਾਥਨਾ ਸਮੇਂ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ, ਲੇਖ,ਪੋਸਟਰ, ਸਲੋਗਨ ਆਦਿ ਮੁਕਾਬਲੇ ਕਰਵਾਏ ਗਏ। ਇਸ ਮੌਕੇ ਸਕੂਲ ਦੇ ਚੇਅਰਮੈਨ ਸਰਦਾਰ ਕੁਲਵੰਤ ਸਿੰਘ ਸੰਧੂ ਅਤੇ ਐਮ ਡੀ ਮੈਡਮ ਰਣਜੀਤ ਕੌਰ ਸੰਧੂ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਾਡੀ ਜਿੰਦਗੀ ਪਰਮਾਤਮਾ ਵੱਲੋਂ ਦਿੱਤੀ ਗਈ ਇੱਕ ਅਨਮੋਲ ਦਾਤ ਹੈ। ਉਹਨਾਂ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਨਸ਼ਿਆਂ ਨਾਲ ਤਿਲ ਤਿਲ ਕਰਕੇ ਬੰਦਾ ਮਰ ਜਾਂਦਾ ਹੈ ਅਤੇ ਉਸਦਾ ਪਰਿਵਾਰ ਵੀ ਖਤਮ ਹੋ ਜਾਂਦਾ ਹੈ। ਉਹਨਾਂ ਕਿਹਾ ਕਿ ਨਸ਼ਾ ਕਰਨ ਵਾਲੇ ਵਿਅਕਤੀ ਕੋਲ ਪੈਸਿਆਂ ਦੀ ਵੱਡੀ ਘਾਟ ਆ ਜਾਂਦੀ ਹੈ ਅਤੇ ਉਹ ਘਰ ਦੀਆਂ ਕੀਮਤੀ ਚੀਜ਼ਾਂ ਵੀ ਵੇਚਣੇ ਸ਼ੁਰੂ ਕਰ ਦਿੰਦਾ ਹੈ! ਇਸ ਦੌਰਾਨ ਪ੍ਰਿੰਸੀਪਲ ਰਮਨਜੀਤ ਕੌਰ ਨੇ ਕਿਹਾ ਕਿ ਹੇਮਕੁੰਟ ਸਕੂਲ ਵਿੱਚ ਸਮੇਂ ਸਮੇਂ ਤੇ ਸੈਮੀਨਾਰ ਅਤੇ ਅਜਿਹੇ ਪ੍ਰੋਗਰਾਮ ਕਰਵਾ ਕੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਜਾਵੇਗਾ ਤਾਂ ਜੋ ਆਉਣ ਵਾਲੀ ਨੌਜਵਾਨ ਪੀੜ੍ਹੀ ਨਸ਼ਿਆਂ ਦੀ ਸ਼ਿਕਾਰ ਨਾ ਹੋ ਸਕੇ!

# ਐਸ.ਡੀ. ਕਾਲਜ ਆਫ਼ ਐਜੂਕੇਸ਼ਨ ਵਿਖੇ ਤਣਾਅ ਮੁਕਤ ਜੀਵਨ ਸਬੰਧੀ ਕੈਂਪ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com



ਸੰਗਰੂਰ, 27 ਅਪ੍ਰੈਲ (ਜਗਸੀਰ ਲੌਂਗੋਵਾਲ)- ਯੂਨੀਵਰਸਿਟੀ ਪ੍ਰੀਖਿਆਵਾਂ ਦੇ ਮੱਦੇਨਜ਼ਰ, ਵਿਦਿਆਰਥੀਆਂ ਦੀ ਮਾਨਸਿਕ ਸਿਹਤ ਨੂੰ ਮਜ਼ਬੂਤ ਕਰਨ ਅਤੇ ਪ੍ਰੀਖਿਆ ਦੇ ਤਣਾਅ ਨਾਲ ਨਜਿੱਠਣ ਲਈ ਉਪਾਅ ਪ੍ਰਦਾਨ ਕਰਨ ਦੇ ਉਦੇਸ਼ ਨਾਲ, ਐਸ.ਡੀ. ਕਾਲਜ ਆਫ਼ ਐਜੂਕੇਸ਼ਨ, ਬਰਨਾਲਾ ਦੇ ਗਾਈਡੈਂਸ ਅਤੇ ਕਾਉਂਸਲਿੰਗ ਸੈੱਲ ਨੇ "ਤਣਾਅ-ਮੁਕਤ ਜੀਵਨ" ਵਿਸ਼ੇ 'ਤੇ ਇੱਕ ਮਾਈਂਡਫੁੱਲਨੈੱਸ ਅਤੇ ਮੈਡੀਟੇਸ਼ਨ ਕੈਂਪ ਦਾ ਆਯੋਜਨ ਕੀਤਾ। ਇਸ ਮੌਕੇ ਪ੍ਰੋ. ਰੇਣੂ ਧਰਨੀ, ਐਸੋਸੀਏਟ ਪ੍ਰੋਫੈਸਰ, ਐਸ.ਡੀ. ਕਾਲਜ, ਬਰਨਾਲਾ ਨੇ ਵਿਸ਼ੇਸ਼ ਬੁਲਾਰੇ ਵਜੋਂ ਵਿਦਿਆਰਥੀਆਂ ਨੂੰ ਫੋਕਸ ਮੈਡੀਟੇਸ਼ਨ ਅਤੇ ਮਾਈਂਡਫੁੱਲਨੈੱਸ ਤਕਨੀਕਾਂ ਬਾਰੇ ਸਿਖਲਾਈ ਦਿੱਤੀ। ਉਨ੍ਹਾਂ ਦੱਸਿਆ ਕਿ ਕਿਵੇਂ ਧਿਆਨ ਅਤੇ ਜਾਗਰੂਕਤਾ ਦਾ ਅਭਿਆਸ ਕਰਕੇ, ਪ੍ਰੀਖਿਆ ਦੇ ਸਮੇਂ ਦੌਰਾਨ ਇਕਾਗਰਤਾ ਵਧਾਈ ਜਾ ਸਕਦੀ ਹੈ, ਮਾਨਸਿਕ ਤਣਾਅ ਘਟਾਇਆ ਜਾ ਸਕਦਾ ਹੈ ਅਤੇ ਭਾਵਨਾਤਮਕ ਸੰਤੁਲਨ ਬਣਾਈ ਰੱਖਿਆ ਜਾ ਸਕਦਾ ਹੈ।

ਪ੍ਰੋ. ਧਰਨੀ ਨੇ ਸੱਤ ਚੱਕਰਾਂ ਦੀ ਮਹੱਤਤਾ 'ਤੇ ਵੀ ਚਾਨਣਾ ਪਾਇਆ ਅਤੇ ਵਿਦਿਆਰਥੀਆਂ ਅਤੇ ਸਟਾਫ਼ ਨਾਲ ਇੱਕ ਸਮੂਹ ਧਿਆਨ ਸੈਸ਼ਨ ਕਰਵਾਇਆ, ਜਿਸ ਨਾਲ ਸਾਰਿਆਂ ਨੂੰ ਸਕਾਰਾਤਮਕ ਊਰਜਾ ਮਹਿਸੂਸ ਹੋਈ। ਇਹ ਪ੍ਰੋਗਰਾਮ ਪ੍ਰੋ. ਬਰਿੰਦਰ ਕੌਰ ਅਤੇ ਪ੍ਰੋ. ਦੁਆਰਾ ਪੇਸ਼ ਕੀਤਾ ਗਿਆ ਹੈ। ਇਹ ਰਜਨੀ ਸਿੰਗਲਾ, ਇੰਚਾਰਜ, ਗਾਈਡੈਂਸ ਅਤੇ ਕਾਉਂਸਲਿੰਗ ਸੈੱਲ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਬੀ.ਐੱਡ. ਪ੍ਰੋਗਰਾਮ ਵਿੱਚ ਅਤੇ ਐਮ.ਐੱਡ. ਸਾਰੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਤਪਨ ਕੁਮਾਰ ਸਾਹੂ ਨੇ ਇਸ ਸਾਰਥਕ ਉਪਰਾਲੇ ਲਈ ਗਾਈਡੈਂਸ ਅਤੇ ਕਾਉਂਸਲਿੰਗ ਸੈੱਲ ਦੀ ਪ੍ਰਸ਼ੰਸਾ ਕੀਤੀ ਅਤੇ ਪ੍ਰੋ. ਰੇਣੂ ਧਾਰਨੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਭਾਗੀਦਾਰਾਂ ਨੇ ਆਪਣੇ ਜੀਵਨ ਵਿੱਚ ਧਿਆਨ ਨੂੰ ਅਪਣਾਉਣ ਦਾ ਪ੍ਰਣ ਲਿਆ।

# ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਈ ਏ ਐਸ ਪਾਸ ਕਰਨ ਵਾਲੀ ਡਾਕਟਰ ਜਸਪ੍ਰੀਤ ਕੌਰ ਨੂੰ ਕੀਤਾ ਸਨਮਾਨਿਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 27 ਅਪਰੈਲ
INTERNATIONAL PAPER, 94636 01616
hardipchumber57@gmail.com



